ਅਧਿਆਇ 30

ਅੱਯੂਬ ਦੇ ਦੁੱਖ ਦੀ ਮੌਜੂਦਾ ਡੂੰਘਾਈ

ਅੱਯੂਬ ਨੇ ਪਹਿਲਾਂ ਕਿਹਾ ਸੀ, "ਯਹੋਵਾਹ ਨੇ ਦਿੱਤਾ ਯਹੋਵਾਹ ਨੇ ਹੀ ਲੈ ਲਿਆ" (1:21)। ਅੱਯੂਬ ਦੀਆਂ ਪੁਰਾਣੀਆਂ ਬਰਕਤਾਂ (ਅਧਿਆਇ 29) ਅਤੇ ਮੌਜੂਦਾ ਹਾਲਾਤਾਂ (ਅਧਿਆਇ 30) ਵਿਚਕਾਰ ਅੰਤਰ ਸ਼ਾਇਦ ਹੀ ਇਸ ਤੋਂ ਜ਼ਿਆਦਾ ਅਤਿਅੰਤ ਹੋ ਸਕਦਾ ਹੈ।

"ਹੁਣ ਛੁਟੇਰੇ ਮੇਰੇ ਉੱਤੇ ਹੱਸਦੇ ਹਨ" (30:1-8)

1ਪਰ ਹੁਣ ਓਹ ਜਿਹੜੇ ਮੈਥੋਂ ਛੁਟੇਰੇ ਹਨ ਮੇਰੇ ਉੱਤੇ ਹੱਸਦੇ ਹਨ, ਜਿਨ੍ਹਾਂ ਦੇ ਪਿਉ ਦਾਦਿਆਂ ਨੂੰ ਮੈਂ ਰੱਦ ਕਰਦਾ, ਭਈ ਓਹ ਮੇਰੇ ਇੱਜੜ ਦੇ ਕੁੱਤਿਆਂ ਨਾਲ ਨਾ ਬੈਠਣ। 2ਭਲਾ, ਉਨ੍ਹਾਂ ਦੇ ਹੱਥਾਂ ਦਾ ਬਲ ਮੇਰੇ ਲਈ ਕੀ ਲਾਭ ਦਿੰਦਾ, ਜਿਨ੍ਹਾਂ ਵਿੱਚ ਪੁਰਸ਼ਾਰਥ ਦਾ ਨਾਸ ਹੋਇਆ ਹੋਇਆ ਹੈ? 3ਥੁੱੜ ਤੇ ਭੁੱਖ ਦੇ ਕਾਰਨ ਓਹ ਲਿੱਸੇ ਪੈ ਗਏ ਹਨ, ਓਹ ਸੁੱਕੀ ਭੂਮੀ ਨੂੰ ਚੱਟਦੇ ਹਨ, ਜਿੱਥੇ ਉਜਾੜ ਤੇ ਬਰਬਾਦੀ ਦੀ ਧੁੰਦ ਹੈ। 4ਓਹ ਝਾੜੀਆਂ ਉੱਤੋਂ ਨਮਕੀਨ ਸਾਗ ਤੋੜਦੇ ਹਨ, ਅਤੇ ਝਾਊ ਦੀਆਂ ਜੜ੍ਹਾਂ ਉਨ੍ਹਾਂ ਦੀ ਰੋਟੀ ਹੈ। 5ਓਹ ਲੋਕਾਂ ਦੇ ਵਿੱਚੋਂ ਧੱਕੇ ਗਏ, ਲੋਕ ਉਨ੍ਹਾਂ ਉੱਤੇ ਇਉਂ ਚਿੱਲਾਉਂਦੇ ਜਿਵੇਂ ਚੋਰ ਉੱਤੇ। 6ਭਿਆਣਕ ਵਾਦੀਆਂ ਵਿੱਚ, ਮਿੱਟੀ ਅਤੇ ਪੱਥਰਾਂ ਦੀਆਂ ਗ਼ਾਰਾਂ ਵਿੱਚ ਓਹ ਰਹਿੰਦੇ ਹਨ। 7ਝਾੜੀਆਂ ਦੇ ਵਿੱਚ ਓਹ ਹੀਂਗਦੇ ਹਨ, ਕੰਡਿਆਂ ਦੇ ਹੇਠ ਓਹ ਇਕੱਠੇ ਪਏ ਰਹਿੰਦੇ ਹਨ। 8ਓਹ ਮੂਰਖ ਦੀ ਅੰਸ, ਸਗੋਂ ਕੀਰਾਂ ਦੀ ਅੰਸ ਹਨ, ਓਹ ਦੇਸ ਤੋਂ ਕੁੱਟ ਕੁੱਟ ਕੇ ਵੱਢੇ ਗਏ ਹਨ।

30:1-8 ਨੂੰ ਕਈ ਦਿਲਚਸਪ ਸਿਰਲੇਖ ਦਿੱਤੇ ਗਏ ਹਨ: "ਜੋ ਕੋਈ ਵੀ ਨਹੀਂ ਸਨ ਹੁਣ ਅੱਯੂਬ ਨੂੰ ਤੁੱਛ ਸਮਝਦੇ ਹਨ,"[1] "ਨੀਚ ਆਦਮੀ ਦੁਆਰਾ ਤਿਰਸਕਾਰ ਕੀਤਾ ਗਿਆ"[2] ਅਤੇ "ਉਸ ਦੇ ਬੇਕਾਰ ਮਖੌਲ ਕਰਨ ਵਾਲੇ।"[3] ਐੱਚ. ਐੱਚ. ਰਾਉਲੀ ਨੇ ਕਿਹਾ,

> ਅੱਯੂਬ ਦੀ ਨਫਰਤ ਇਸ ਲਈ ਨਹੀਂ ਹੈ ਕਿਉਂਕਿ ਇਹ ਲੋਕ ਭਿਆਣਕ ਅਛੂਤ ਹਨ, ਪਰ ਅਜਿਹੇ ਵਿਅਕਤੀ, ਉਨ੍ਹਾਂ ਵਾਂਗ ਜਿਨ੍ਹਾਂ ਨਾਲ ਅੱਯੂਬ ਨੇ ਹਮੇਸ਼ਾ ਖੁੱਲ੍ਹ-ਦਿਲੀ ਅਤੇ ਦਿਆਲਤਾ ਨਾਲ ਵਿਹਾਰ ਕੀਤਾ ਸੀ, ਹੁਣ ਉਸ ਦੇ ਵਿਰੁੱਧ ਹੋ ਗਏ ਅਤੇ ਉਨ੍ਹਾਂ ਦੇ ਪੁਰਾਣੇ ਦਾਨੀ ਨੂੰ ਤੁੱਛ ਸਮਝਿਆ ਅਤੇ ਉਸ ਨੂੰ ਆਪਣੇ ਹੇਠਾਂ ਮੰਨਿਆ, ਜਦੋਂ ਉਸ ਤੇ ਬਿਪਤਾਂ ਆ ਪਈਆਂ। ਇਹ ਇਨ੍ਹਾਂ ਬੇਕਾਰ ਪ੍ਰਾਣੀਆਂ ਦਾ ਨਾਸ਼ੁਕਰਾਪਣ ਅਤੇ ਹੰਕਾਰ ਹੈ ਜਿਸ ਨੂੰ ਫਟਕਾਰਿਆ ਗਿਆ ਹੈ। ਉਨ੍ਹਾਂ ਦਾ ਨੈਤਿਕ ਚਰਿੱਤਰ ਉਨ੍ਹਾਂ ਦੀ ਬੁਰੀ ਸਥਿਤੀ ਨਾਲ ਮੇਲ ਖਾਂਦਾ ਹੈ।[4]

ਫ੍ਰਾਂਸਿਸ ਆਈ. ਐਂਡਰਸਨ ਨੇ ਟਿੱਪਣੀ ਕੀਤੀ, "ਅੱਯੂਬ ਨੇ ਸਭ ਤੋਂ ਵੱਧ ਘਿਨਾਉਣੇ ਦੀ ਘਿਰਣਾ ਨੂੰ ਸਭ ਤੋਂ ਵੱਧ ਸਤਿਕਾਰ ਯੋਗ ਦੇ ਸਤਿਕਾਰ ਨਾਲ ਬਦਲ ਦਿੱਤਾ।"[5]

ਆਇਤ 1. ਪਰ ਹੁਣ ਦੱਬੇ ਕੁਚਲੇ ਲੋਕਾਂ ਨਾਲ ਅੱਯੂਬ ਦੇ ਵਿਹਾਰ ਅਤੇ ਉਨ੍ਹਾਂ ਦੇ ਉਸ

ਨਾਲ ਵਿਹਾਰ ਵਿਚਕਾਰ ਹੈਰਾਨ ਕਰਨ ਵਾਲੇ ਅੰਤਰ ਨੂੰ ਪੇਸ਼ ਕਰਦਾ ਹੈ। **ਓਹ ਜਿਹੜੇ ਮੈਥੋਂ ਛੁਟੇਰੇ ਹਨ ਮੇਰੇ ਉੱਤੇ ਹੱਸਦੇ ਹਨ, ਜਿਨ੍ਹਾਂ ਦੇ ਪਿਉ ਦਾਦਿਆਂ ਨੂੰ ਮੈਂ ਰੱਦ ਕੀਤਾ, ਭਈ ਓਹ ਮੇਰੇ ਇੱਜੜ ਦੇ ਕੁੱਤਿਆਂ ਨਾਲ ਨਾ ਬੈਠਣ।** ਸ਼ਬਦ “ਛੁਟੇਰੇ” (צָעִיר, *ਟਸਾਇਰ)* ਦਾ ਅਰਥ “ਛੋਟਾ,” “ਮਾਮੂਲੀ,” ਜਾਂ “ਜਵਾਨ” ਹੋ ਸਕਦਾ ਹੈ।[6] ਬਹੁਤ ਘੱਟ ਰੁਤਬੇ ਵਾਲੇ ਨੌਜਵਾਨਾਂ ਨੇ ਅੱਯੂਬ ਦਾ ਮਜ਼ਾਕ ਉਡਾਇਆ। “ਹੱਸਦੇ” (שָׂחַק, *ਸਚਾਕ)* ਨਫ਼ਰਤ ਨਾਲ ਕਿਸੇ ਤੇ ਹੱਸਣਾ ਸੀ।[7]

ਵਚਨ ਵਿਚ ਅਕਸਰ “ਕੁੱਤਿਆਂ” ਦਾ ਜ਼ਿਕਰ ਅਸ਼ੁੱਧ ਜਾਨਵਰਾਂ ਵਜੋਂ ਕੀਤਾ ਜਾਂਦਾ ਹੈ (1 ਰਾਜਿਆਂ 14:11; 21:19)। ਯਸਾਯਾਹ ਦੁਆਰਾ ਅਯਾਲੀਆਂ ਦੀ ਤੁਲਨਾ ਲਾਲਚੀ ਕੁੱਤਿਆਂ ਨਾਲ ਕੀਤੀ ਗਈ ਸੀ (ਯਸਾਯਾਹ 56:10, 11)। ਕਿਸੇ ਵਿਅਕਤੀ ਨੂੰ “ਕੁੱਤਾ” ਕਹਿਣਾ ਇਕ ਅਪਮਾਨ ਸੀ (1 ਸਮੂਏਲ 17:43; 2 ਸਮੂਏਲ 3:8)। ਪਰ, ਅੱਯੂਬ ਵੀ *ਇਨ੍ਹਾਂ ਮਨੁੱਖਾਂ ਦੇ ਪਿਉ ਦਾਦਿਆਂ ਨੂੰ ਉਸ ਦੀਆਂ ਭੇਡਾਂ ਦੀ ਰਖਵਾਲੀ ਕਰਨ ਵਾਲੇ ਕੁੱਤਿਆਂ ਨਾਲ* ਇੱਕੋ ਪੱਧਰ ਤੇ ਨਹੀਂ ਰੱਖਦਾ!

ਆਇਤ 2. ਬਾਕੀ ਦਾ ਪੈਰ੍ਹਾ ਉਨ੍ਹਾਂ ਦਾ ਇਕ ਸਪੱਸ਼ਟ ਵੇਰਵਾ ਦਿੰਦਾ ਹੈ ਜਿਨ੍ਹਾਂ ਨੇ ਅੱਯੂਬ ਦਾ ਮਜ਼ਾਕ ਉਡਾਇਆ। **ਭਲਾ, ਉਨ੍ਹਾਂ ਦੇ ਹੱਥਾਂ ਦਾ ਬਲ ਮੇਰੇ ਲਈ ਕੀ ਲਾਭ ਦਿੰਦਾ, ਜਿਨ੍ਹਾਂ ਵਿੱਚ ਪੁਰਸ਼ਾਰਥ ਦਾ ਨਾਸ ਹੋਇਆ ਹੋਇਆ ਹੈ?** TEV ਬਾਈਬਲ ਇਸ ਦੀ ਇਸ ਤਰ੍ਹਾਂ ਵਿਆਖਿਆ ਕਰਦੀ ਹੈ: “ਉਹ ਕਮਜ਼ੋਰ ਆਦਮੀਆਂ ਦਾ ਝੁੰਡ ਸਨ, ਜੋ ਮੇਰੇ ਲਈ ਕੋਈ ਵੀ ਕੰਮ ਕਰਨ ਦੇ ਲਈ ਬਹੁਤ ਜ਼ਿਆਦਾ ਕਮਜ਼ੋਰ ਸਨ।”

ਆਇਤ 3. ਸਮਾਜ ਵਿੱਚੋਂ ਕੱਢੇ ਹੋਏ ਇਨ੍ਹਾਂ ਲੋਕਾਂ ਦਾ ਜ਼ਿੰਦਗੀ ਬਹੁਤ ਮੰਦਭਾਗੀ ਸੀ। ਭੋਜਨ ਦੀ ਕਮੀ ਦਾ ਕਾਰਣ, ਉਹ **ਲਿੱਸੇ** (גַּלְמוּד, *ਗਲਮੁਡ)* ਪੈ ਗਏ ਸਨ। ਇਹ ਸ਼ਬਦ ਸਖ਼ਤ, ਪਥਰੀਲੀ ਮਿੱਟੀ ਦਾ ਹਵਾਲਾ ਦੇ ਸਕਦਾ ਹੈ ਜਿਹੜੀ ਬਾਂਝ ਅਤੇ ਅਣਉਪਜਾਊ ਹੈ। ਇਸ ਹਾਲਤ ਵਿਚ, ਇਹ ਉਨ੍ਹਾਂ ਦੇ ਰੂਪ ਦਾ ਵਣਰਨ ਕਰਨ ਵਾਲਾ ਹੈ ਜੋ ਕੁਪੋਸ਼ਣ ਦਾ ਸ਼ਿਕਾਰ ਹੋਏ ਹਨ।[8] ਇਹ ਮਨੁੱਖ ਇੰਨੇ ਉਤਾਵਲੇ ਸਨ ਕਿ ਉਹ **ਸੁੱਕੀ ਭੂਮੀ ਨੂੰ ਚੱਟਦੇ** [ਚੱਟਦਿਆਂ] ਉਜਾੜ ਵਿਚ ਖਾਜਾ ਭਾਲਣ ਨੂੰ ਨਿੱਕਲਦੇ ਸਨ (ਵੇਖੋ 24:5)।

ਆਇਤ 4. ਨਮਕੀਨ ਸਾਗ (מַלּוּחַ, *ਮੱਲੁਆਚ)* ਸ਼ਬਦ ਪੁਰਾਣੇ ਵਿਚ ਸਿਰਫ ਇੱਕੋ ਵਾਰ ਆਉਂਦਾ ਹੈ। ਕੁਝ ਅਨੁਵਾਦਾਂ ਵਿਚ “ਨਮਕੀਨ ਪੌਦਾ” (ASV; NEB; NJB; NJPSV) ਜਾਂ “ਨਮਕੀਨ ਬੂਟੀਆਂ” (NIV) ਹੈ। ਜੌਨ ਈ. ਹਾਰਟਲੀ ਨੇ ਲਿਖਿਆ, “ਉਨ੍ਹਾਂ ਨੇ *ਨਮਕੀਨ ਪੌਦੇ ਨੂੰ ਤੋੜਿਆ*, ਇਕ ਸਦਾਬਹਾਰ ਬੂਟਾ ਜਿਸ ਨੂੰ *ਐਟਰੀਪਲੈਕਸ ਹੈਲੀਮਸ* ਵਜੋਂ ਜਾਣਿਆ ਜਾਂਦਾ ਹੈ, ਜਿਸ ਦੀ ਨਮਕੀਨਤਾ ਕਾਰਨ ਇਸ ਨੂੰ ਮੁਸ਼ਕਲ ਹਾਲਾਤਾਂ ਵਿਚ ਹੀ ਖਾਧਾ ਜਾਂਦਾ ਹੈ।”[9]

NASB ਬਾਈਬਲ ਵਿਚ **ਝਾਊ ਦੀਆਂ ਜੜ੍ਹਾਂ** ਨੂੰ ਸਮਾਜ ਵਿੱਚੋਂ ਕੱਢੇ ਗਏ ਇਨ੍ਹਾਂ ਲੋਕਾਂ ਦੀ **ਰੋਟੀ** ਵੀ ਕਿਹਾ ਗਿਆ ਹੈ। ਇਬਰਾਨੀ ਲਿਖਤ ਵਿਚ ਇਹ ਸ਼ਬਦ (לַחְמָם, *ਲਚਮਮ)* ਨਾਂਵ לֶחֶם *(ਲੇਚੇਮ)* ਤੋਂ ਲਿਆ ਗਿਆ ਹੈ, ਜਿਸ ਦਾ ਅਰਥ “ਰੋਟੀ” ਜਾਂ “ਭੋਜਨ” ਹੈ। ਕੁਝ ਅਨੁਵਾਦ ਇਸ ਹਵਾਲੇ ਨੂੰ “ਬਾਲਣ” ਵਜੋਂ ਸਮਝਦੇ ਹਨ (ਵੇਖੋ RSV; NRSV; NLT; CEV), ਕਿਉਂਕਿ ਇਹ ਸ਼ਬਦ ਕਿਰਿਆ חָמַם *(ਚਮਮ)* ਤੋਂ ਲਿਆ ਜਾ ਸਕਦਾ ਹੈ, ਜਿਸ ਦਾ ਅਰਥ “ਨਿੱਘੇ ਹੋਵੋ” ਜਾਂ “ਸੇਕ” ਹੁੰਦਾ ਹੈ (ਯਸਾਯਾਹ 47:14)। ਝਾਊ ਦੇ ਦਰੱਖਤ ਨੂੰ ਕਈ ਵਾਰ ਗਰਮ ਕਰਨ ਲਈ ਲੱਕੜੀ ਵਜੋਂ ਵਰਤਿਆ ਜਾਂਦਾ ਸੀ (ਜ਼ਬੂਰ 120:4)।

ਆਇਤਾਂ 5, 6. ਸਮਾਜ ਵਿੱਚੋਂ ਕੱਢੇ ਗਏ ਇਹ ਲੋਕ ਪਰਤੱਖ ਰੂਪ ਵਿਚ ਪਿੰਡਾਂ ਵਿਚ ਲੁੱਟਮਾਰ ਕਰਨ ਲਈ ਆਏ ਸਨ ਅਤੇ ਇਸ ਲਈ ਵੱਸੇ ਹੋਏ ਸਮਾਜਾਂ ਤੋਂ ਭਜਾਏ ਜਾਣ ਲਈ

ਉਨ੍ਹਾਂ ਨਾਲ ਚੋਰਾਂ ਵਰਗਾ ਵਿਹਾਰ ਕੀਤਾ ਗਿਆ ਸੀ। ਸਭਿਅਤਾ ਤੋਂ ਕੱਢੇ ਜਾਣ ਤੋਂ ਬਾਅਦ, ਉਨ੍ਹਾਂ ਨੂੰ ਗੁਫਾਵਾਂ ਅਤੇ ਚਟਾਨਾਂ ਦੇ ਹੇਠਾਂ ਪਨਾਹ ਮਿਲੀ (ਵੇਖੋ 24:8) ਜੋ ਕਿ ਵਾਦੀਆਂ ਦੇ ਨਾਲ-ਨਾਲ ਪਹਾੜਾਂ ਦੀਆਂ ਢਲਾਣਾਂ ਤੇ ਸਥਿਤ ਸਨ।

ਆਇਤ 7. ਉਹ ਲੋਕ ਜਿਨ੍ਹਾਂ ਨੂੰ ਪਨਾਹ ਲਈ ਕੋਈ ਗੁਫਾ ਜਾਂ ਚਟਾਨ ਨਹੀਂ ਮਿਲੀ **ਝਾੜੀਆਂ** ਅਤੇ **ਕੰਡਿਆਂ** ਵਿਚ ਵੱਸ ਗਏ। ਵਿਲੀਅਮ ਡੀ. ਰੀਬਰਨ ਨੇ ਟਿੱਪਣੀ ਕੀਤੀ ਕਿ "*ਕੰਡਿਆਂ* ਇਕ ਸ਼ਬਦ [חָרוּל, *ਚਾਰੁਲ*] ਦਾ ਅਨੁਵਾਦ ਉਜਾੜ ਖੰਡਰਾਂ ਵਿਚ ਉੱਗਣ ਵਾਲੀਆਂ ਜੜ੍ਹੀ-ਬੂਟੀਆਂ ਦੀਆਂ ਕਿਸਮਾਂ ਲਈ ਕਰਦਾ ਹੈ, ਜਿਵੇਂ ਕਿ ਸਫ਼ਨਯਾਹ 2:9 ਵਿਚ ਵਿਅਕਤ ਕੀਤਾ ਗਿਆ ਹੈ। ਕਹਾਉਤਾਂ 24:31 ਵਿਚ ਕਿਹਾ ਗਿਆ ਹੈ ਕਿ ਇਹ ਵਿਹਲੇ ਕਿਸਾਨ ਦੀ ਪੈਲੀ ਵਿਚ ਉੱਗਦੇ ਹਨ।"[10]

ਸਮਾਜ ਵਿੱਚੋਂ ਬਾਹਰ ਕੱਢੇ ਲੋਕਾਂ ਦੀਆਂ ਚੀਕਾਂ ਭੁੱਖੇ ਮਰਨ ਵਾਲੇ ਮਨੁੱਖਾਂ ਦੀਆਂ ਸਨ। **ਹੀਂਗਦੇ ਹਨ** (נָהַק, *ਨਹਾਕ)* ਸ਼ਬਦ ਉਹੀ ਹੈ ਜੋ 6:5 ਵਿਚ ਗਧੇ ਦੇ ਉਸ ਦੇ ਘਾਹ ਉੱਤੇ "ਹੀਂਗਣ" ਦੇ ਲਈ ਵਰਤਿਆ ਗਿਆ ਸੀ। ਸਮਾਜ ਵਿੱਚੋਂ ਬਾਹਰ ਕੱਢੇ ਹੋਏ ਜੰਗਲੀ ਜਾਨਵਰਾਂ ਵਾਂਗ ਸਨ ਜਿਹੜੇ ਉਜਾੜ ਵਾਲੀ ਬੰਜਰ ਜ਼ਮੀਨ ਤੇ ਚਾਰਾ ਭਾਲਦੇ ਫਿਰਦੇ ਸਨ (ਵੇਖੋ 24:5)।

ਆਇਤ 8. ਮੁਢਲੀ ਭਾਸ਼ਾ ਵਿਚ, **ਮੂਰਖ** ਸ਼ਾਬਦਿਕ ਤੌਰ ਤੇ "ਮੂਰਖ ਦੇ ਪੁੱਤਰ" ਹਨ ਅਤੇ **ਕੀਰਾਂ ਦੀ ਅੰਸ** "ਨਾਮ ਦੇ ਬਿਨ੍ਹਾਂ ਪੁੱਤਰ" ਹਨ। "ਕਿਉਂਕਿ ਪ੍ਰਾਚੀਨ ਸਮੇਂ ਦੇ ਲੋਕਾਂ ਦਾ ਮੰਨਣਾ ਸੀ ਕਿ ਇਸ ਨਾਮ ਇਸ ਦੇ ਧਾਰਕ ਦੇ ਜ਼ਰੂਰੀ ਸੁਭਾਅ ਨੂੰ ਪਰਿਭਾਸ਼ਤ ਕਰਦਾ ਹੈ, ਜਿਹੜਾ ਵੀ ਕੋਈ *ਨਾਮ ਰਹਿਤ* ਬਣ ਗਿਆ ਉਹ ਬਦਨਾਮੀ ਦੇ ਸਭ ਤੋਂ ਹੇਠਲੇ ਪੱਧਰ ਤੇ ਡੁੱਬ ਗਿਆ।"[11] ਵਿਅੰਗਾਤਮਕ ਗੱਲ ਇਹ ਹੈ ਕਿ ਇਹ ਅਜਿਹੇ ਭੈੜੇ ਵਿਅਕਤੀ ਸਨ ਜੋ ਅੱਯੂਬ ਦਾ ਮਜ਼ਾਕ ਉਡਾ ਰਹੇ ਸਨ।

"ਮੈਂ ਉਨ੍ਹਾਂ ਲਈ ਇੱਕ ਬੋਲੀ ਹੋਇਆ ਹਾਂ" (30:9-15)

9ਅਤੇ ਹੁਣ ਮੈਂ ਉਨ੍ਹਾਂ ਦਾ ਗੀਤ ਹੋਇਆ ਹਾਂ, ਮੈਂ ਉਨ੍ਹਾਂ ਲਈ ਇੱਕ ਬੋਲੀ ਹੋਇਆ ਹਾਂ।
10ਉਹ ਮੈਥੋਂ ਘਿਣ ਖਾਂਦੇ, ਉਹ ਮੈਥੋਂ ਦੂਰ ਰਹਿੰਦੇ, ਅਤੇ ਮੈਨੂੰ ਵੇਖ ਕੇ ਉਹ ਥੁੱਕਣ ਤੋਂ ਪਰਹੇਜ਼
ਨਹੀਂ ਕਰਦੇ, 11ਕਿਉਂ ਜੋ ਉਹ ਨੇ ਮੇਰਾ ਚਿੱਲਾ ਢਿੱਲਾ ਕੀਤਾ, ਅਤੇ ਮੈਨੂੰ ਅਧੀਨ ਕੀਤਾ, ਓਹ
ਮੇਰੇ ਅੱਗੇ ਬੇ ਲਗਾਮ ਹੋ ਗਏ ਹਨ। 12ਮੇਰੇ ਸੱਜੇ ਪਾਸੇ ਘੜਮੱਸ ਉੱਠਦੀ ਹੈ, ਓਹ ਮੇਰੇ ਪੈਰ
ਸਰਕਾ ਦਿੰਦੇ ਹਨ, ਅਤੇ ਮੇਰੇ ਵਿਰੁੱਧ ਆਪਣੇ ਹਲਾਕ ਕਰਨ ਵਾਲੇ ਰਾਹਾਂ ਨੂੰ ਬਣਾਉਂਦੇ
ਹਨ। 13ਓਹ ਮੇਰੇ ਪਹੇ ਨੂੰ ਤੋੜ ਸੁੱਟਦੇ ਹਨ, ਅਤੇ ਮੇਰੀ ਮੁਸੀਬਤ ਨੂੰ ਵਧਾਉਂਦੇ ਹਨ, ਓਹ
ਜਿਨ੍ਹਾਂ ਦਾ ਕੋਈ ਸਹਾਇਕ ਨਹੀਂ ਹੈ। 14ਓਹ ਜਿਵੇਂ ਚੌੜੇ ਛੇਕ ਵਿੱਚੋਂ ਦੀ ਆਉਂਦੇ ਹਨ,
ਬਰਬਾਦੀ ਦੇ ਹੇਠੋਂ ਓਹ ਆਪਣੇ ਆਪ ਨੂੰ ਰੋੜ੍ਹਦੇ ਹਨ। 15ਭੈਜਲ ਮੇਰੇ ਉੱਤੇ ਮੁੜ ਪੈਂਦੇ, ਮੇਰੀ
ਪਤ ਜਿਵੇਂ ਹਵਾ ਨਾਲ ਉਡਾਈ ਜਾਂਦੀ, ਅਤੇ ਮੇਰੀ ਖ਼ੁਸ਼ਹਾਲੀ ਬੱਦਲ ਵਾਂਙੁ ਜਾਂਦੀ ਰਹੀ।

"ਮੂਰਖ ਦੀ ਅੰਸ" ਜਾਂ "ਕੀਰਾਂ ਦੀ ਅੰਸ" (30:8) ਨੇ ਨੇਕ ਅੱਯੂਬ ਦਾ ਅਪਮਾਨ ਕੀਤਾ ਜਦੋਂ ਉਹ ਸ਼ਹਿਰ ਦੇ ਬਾਹਰ ਸੁਆਹ ਦੇ ਢੇਰ ਉੱਤੇ ਬੈਠ ਕੇ ਆਪਣੇ ਜ਼ਖਮਾਂ ਤੋਂ ਪਾਕ ਖੁਰਚ ਰਿਹਾ ਸੀ। ਉਨ੍ਹਾਂ ਨੇ ਉਸ ਨੂੰ ਆਪਣੇ ਹੇਠਾਂ ਸਮਝਿਆ ਅਤੇ ਬੇਤੁਕੇ ਇਸ਼ਾਰਿਆਂ ਅਤੇ ਬਦਸਲੂਕੀ ਨਾਲ ਆਪਣੀ ਨਫ਼ਰਤ ਜਾਹਰ ਕੀਤੀ। ਹੋਮਰ ਹੇਲੀ ਨੇ ਕਿਹਾ, "ਕੋਈ ਵੀ ਮਨੁੱਖ ਦੀ ਗੰਦਗੀ ਦੇ ਇਕ ਵਰਗ ਦੀ ਹੋਰ ਵਧੇਰੇ ਸੰਮਲਿਤ ਅਤੇ ਘਿਣਾਉਣੀ ਤਸਵੀਰ ਦੀ ਕਲਪਨਾ ਨਹੀਂ ਕਰ ਸਕਦਾ ਜਿੰਨੀ ਇੱਥੇ ਅੱਯੂਬ ਦੀ ਦਰਸਾਈ ਗਈ ਹੈ।"[12]

ਆਇਤ 9. ਗੀਤ (נְגִינָה, *ਨੀਗਿਨਾਹ)* ਇਕ ਮਖੌਲ ਉਡਾਉਣ ਵਾਲਾ ਗੀਤ ਸੀ (ਜ਼ਬੂਰ 69:12; ਵਿਰਲਾਪ 3:14)।[13] ਰੌਬਰਟ ਐੱਲ. ਐਲਡਨ ਨੇ ਕਿਹਾ, "ਅੱਯੂਬ ਉਨ੍ਹਾਂ ਦੇ ਵਿਅੰਗਾਤਮਕ, ਵਿਅੰਗਮਈ ਗੀਤਾਂ ਦਾ ਪਾਤਰ।"[14]

ਆਇਤ 10. ਓਹ ਅੱਯੂਬ ਦੀ ਡਰਾਉਣੀ ਸਰੀਰਕ ਹਾਲਤ ਕਾਰਨ ਉਸ ਤੋਂ **ਘਿਣ ਖਾਂਦੇ** ਸਨ। ਕਿਸੇ ਦੇ **ਮੂੰਹ ਉੱਤੇ ਥੁੱਕਣਾ** ਇਕ ਸਭ ਤੋਂ ਵੱਡਾ ਅਪਮਾਨ ਸੀ (ਗਿਣਤੀ 12:14; ਬਿਵਸਥਾ ਸਾਰ 25:9; ਯਸਾਯਾਹ 50:6; ਮੱਤੀ 26:67)। ਅੱਯੂਬ ਨੇ ਪਹਿਲੀ ਗੱਲਬਾਤ ਵਿਚ ਅਫ਼ਸੋਸ ਜਤਾਇਆ ਸੀ: "ਪਰ ਉਹ ਨੇ ਮੈਨੂੰ ਲੋਕਾਂ ਲਈ ਅਖਾਣ ਬਣਾਇਆ, ਮੈਂ ਉਹ ਹਾਂ ਜਿਹ ਦੇ ਮੂੰਹ ਤੇ ਥੁੱਕਦੇ ਹਨ" (17:6)।

ਆਇਤ 11. ਭੀੜ ਦੇ ਦੁਰਵਿਹਾਰ ਲਈ ਯਹੋਵਾਹ ਨੂੰ ਅੱਯੂਬ ਨੂੰ ਇਕ ਨਿਸ਼ਾਨੇ ਵਜੋਂ ਸਥਾਪਿਤ ਕਰਨ ਦੇ ਲਈ ਦਰਸਾਇਆ ਗਿਆ ਹੈ (16:12, 13; 20:24, 25 ਤੇ ਟਿੱਪਣੀਆਂ ਵੇਖੋ)। ਪਰਮੇਸ਼ੁਰ ਦੇ **ਉਹ ਦੇ ਚਿੱਲੇ ਨੂੰ ਢਿੱਲਾ ਕਰਨ** ਅਤੇ ਅੱਯੂਬ ਉੱਤੇ ਉਸ ਦੇ ਤੀਰਾਂ ਨੂੰ ਚਲਾਉਣ ਦੀ ਬਜਾਇ, ਕੁਝ ਅਨੁਵਾਦਾਂ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਪਰਮੇਸ਼ੁਰ ਨੇ ਅੱਯੂਬ ਦਾ "ਚਿੱਲਾ" ਢਿੱਲਾ ਕੀਤਾ (NKJV; NRSV; NJB)। NIV ਬਾਈਬਲ ਕਹਿੰਦੀ ਹੈ, "ਪਰਮੇਸ਼ੁਰ ਨੇ ਮੇਰੇ ਧਣੁਖ ਨੂੰ ਢਿੱਲਾ ਕੀਤਾ ਹੈ।" NLT ਬਾਈਬਲ ਵਿਚ ਲਿਖਿਆ ਹੈ, "ਪਰਮੇਸ਼ੁਰ ਨੇ ਮੇਰੇ ਤੰਬੂ ਦੀਆਂ ਤਾਰਾਂ ਕੱਟ ਦਿੱਤੀਆਂ ਹਨ।" ਇਹ ਚਿੱਤਰ ਵੀ ਅੱਯੂਬ ਦੀ ਕਮਜ਼ੋਰ ਹਾਲਤ ਵੱਲ ਇਸ਼ਾਰਾ ਕਰਨਗੇ (4:21; 29:20 ਨਾਲ ਤੁਲਨਾ ਕਰੋ)। **ਬੇ ਲਗਾਮ ਹੋਣਾ** ਸਾਰੇ ਕਾਬੂ ਜਾਂ ਨਿਯੰਤਰਣ ਨੂੰ ਹਟਾਉਣਾ ਸੀ ਤਾਂ ਕਿ ਇਹ ਮੰਦਭਾਗੇ ਨੀਚ ਆਦਮੀ ਅੱਯੂਬ ਉੱਤੇ ਬਿਨ੍ਹਾਂ ਕਿਸੇ ਰੁਕਾਵਟ ਬਦਸਲੂਕੀ ਦਾ ਢੇਰ ਲਗਾ ਸਕਦੇ।

ਆਇਤਾਂ 12-14. ਇਨ੍ਹਾਂ ਆਇਤਾਂ ਵਿਚ, ਅੱਯੂਬ ਨੇ ਆਪਣੀ ਤੁਲਨਾ ਉਸ ਸ਼ਹਿਰ ਨਾਲ ਕੀਤੀ ਜਿਸ ਉੱਤੇ ਕਿਸੇ ਵਿਦੇਸ਼ੀ ਸੈਨਾ ਦੁਆਰਾ ਹਮਲਾ ਕੀਤਾ ਜਾ ਰਿਹਾ ਹੈ। ਇਹ ਅਲੰਕਾਰਿਕ ਭਾਸ਼ਾ ਇਹ ਵਿਖਾਉਂਦੀ ਹੈ ਕਿ ਅੱਯੂਬ ਨੂੰ ਕਿਵੇਂ ਦਾ ਮਹਿਸੂਸ ਹੋਇਆ ਜਦੋਂ ਉਸ ਨਾਲ ਸਮਾਜ ਵਿੱਚੋਂ ਕੱਢੇ ਹੋਏ ਨੀਚ ਲੋਕਾਂ ਦੁਆਰਾ ਬਦਸਲੂਕੀ ਕੀਤੀ ਗਈ ਸੀ।

ਮੇਰੇ ਸੱਜੇ ਪਾਸੇ ਘੜਮੱਸ ਉੱਠਦੀ ਹੈ, ਓਹ ਮੇਰੇ ਪੈਰ ਸਰਕਾ ਦਿੰਦੇ ਹਨ, ਅਤੇ ਮੇਰੇ ਵਿਰੁੱਧ ਆਪਣੇ ਹਲਾਕ ਕਰਨ ਵਾਲੇ ਰਾਹਾਂ ਨੂੰ ਬਣਾਉਂਦੇ ਹਨ (30:12)। "ਸੱਜਾ ਪਾਸਾ" "ਤਾਕਤ ਅਤੇ ਆਦਰ ਵਾਲੀ ਜਗ੍ਹਾਂ" ਦਾ ਪ੍ਰਤੀਕ ਸੀ।[15] "ਬਣਾਉਂਦੇ ਹਨ" (סָלַל, *ਸਲਲ)* ਇਸ ਸੰਦਰਭ ਵਿਚ ਘੇਰਾਬੰਦੀ ਕਰਨ ਵਾਲੇ ਕੰਮਾਂ ਕੰਮਾਂ ਦਾ ਹਵਾਲਾ ਦਿੰਦਾ ਹੈ। ਅੱਯੂਬ ਨੇ 19:12 ਵਿਚ ਪਹਿਲਾਂ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਸੀ: "ਉਹ ਦੇ ਜੱਥੇ ਇਕੱਠੇ ਹੋ ਕੇ ਆਉਂਦੇ ਹਨ, ਅਤੇ ਮੇਰੇ ਵਿਰੁੱਧ ਆਪਣਾ ਰਾਹ *ਤਿਆਰ ਕਰਦੇ ਹਨ*, ਅਤੇ ਮੇਰੇ ਤੰਬੂ ਦੇ ਆਲੇ ਦੁਆਲੇ ਡੇਰੇ ਲਾਉਂਦੇ ਹਨ" (ਜ਼ੋਰ ਦਿੱਤਾ ਗਿਆ ਹੈ)।

ਓਹ ਮੇਰੇ ਪਹੇ ਨੂੰ ਤੋੜ ਸੁੱਟਦੇ ਹਨ, ਅਤੇ ਮੇਰੀ ਮੁਸੀਬਤ ਨੂੰ ਵਧਾਉਂਦੇ ਹਨ, ਓਹ ਜਿਨ੍ਹਾਂ ਦਾ ਕੋਈ ਸਹਾਇਕ ਨਹੀਂ ਹੈ (30:13)। ਇਕ ਫੌਜ ਕਈ ਵਾਰ ਸੜਕਾਂ ਅਤੇ ਪੁਲਾਂ ਨੂੰ ਨਸ਼ਟ ਕਰ ਦਿੰਦੀ ਸੀ ਤਾਂ ਜੋ ਉਨ੍ਹਾਂ ਦੇ ਦੁਸ਼ਮਣ ਨੂੰ ਬਚਣ ਵਿਚ ਮੁਸ਼ਕਲ ਆਵੇ। ਅੱਯੂਬ ਨੇ ਨਾ ਸਿਰਫ ਸਮਾਜ ਵਿੱਚੋਂ ਕੱਢੇ ਹੋਏ ਇਨ੍ਹਾਂ ਲੋਕਾਂ ਦੇ ਦੁਰਵਿਹਾਰ ਦਾ ਅਫ਼ਸੋਸ ਕੀਤਾ, ਬਲਕਿ ਉਸ ਨੂੰ ਬਹੁਤ ਦੁੱਖ ਵੀ ਹੋਇਆ ਕਿ "ਕੋਈ" ਉਸ ਦੇ ਬਚਾਅ ਲਈ ਅੱਗੇ ਨਹੀਂ ਆਇਆ।

ਓਹ ਜਿਵੇਂ ਚੌੜੇ ਛੇਕ ਵਿੱਚੋਂ ਦੀ ਆਉਂਦੇ ਹਨ, ਬਰਬਾਦੀ ਦੇ ਹੇਠੋਂ ਓਹ ਆਪਣੇ ਆਪ ਨੂੰ ਰੇੜ੍ਹਦੇ ਹਨ (30:14)। "ਛੇਕ" ਸ਼ਹਿਰ ਦੀ ਕੰਧ ਵਿਚ ਇਕ ਛੇਕ ਸੀ ਜੋ ਕਿ ਕੁੱਟਣ ਵਾਲੀ ਮੇਖ ਦੇ ਨਾਲ ਬਾਰ-ਬਾਰ ਮਾਰੀਆਂ ਗਈਆਂ ਸੱਟਾਂ ਨਾਲ ਕੀਤਾ ਗਿਆ ਸੀ (16:14 ਤੇ ਟਿੱਪਣੀਆਂ

ਵੇਖੋ)। ਇਸ ਮਾਮਲੇ ਵਿਚ, ਛੇਕ "ਚੌੜਾ" ਸੀ ਜਿਸ ਵਿੱਚੋਂ ਸੈਨਾ ਦੇ ਜਵਾਨ ਲੰਘ ਗਏ। ਅੱਯੂਬ ਨੂੰ ਉਸ ਸ਼ਹਿਰ ਵਰਗਾ ਮਹਿਸੂਸ ਹੋਇਆ ਜਿਸ ਤੇ ਲਗਾਤਾਰ ਹਮਲਾ ਕੀਤਾ ਜਾ ਰਿਹਾ ਸੀ; ਉਹ ਹਾਰਨ ਵਾਲੀ ਲੜਾਈ ਵਿਚ ਮੁਸ਼ਕਲ ਨਾਲ ਡਟਿਆ ਹੋਇਆ ਸੀ।

ਆਇਤ 15. ਸਮਾਜ ਵਿੱਚੋਂ ਕੱਢੇ ਹੋਇਆਂ ਦੀ ਅੱਯੂਬ ਲਈ ਬੇਲਗਾਮ ਘਿਰਣਾ ਉਸ ਨਾਲੋਂ ਜ਼ਿਆਦਾ ਸੀ ਜਿੰਨੀ ਉਹ ਸਹਿ ਸਕਦਾ ਸੀ। ਉਹ **ਭੈਜਲ** ਤੋਂ ਭੈਭੀਤ ਹੋ ਗਿਆ ਸੀ (ਵੇਖੋ 6:4; 18:11, 14; 20:25; 24:17; 27:20) ਅਤੇ ਆਪਣੀ ਸਾਰੀ **ਪਤ** ਅਤੇ **ਖੁਸ਼ਹਾਲੀ** ਗੁਆ ਬੈਠਾ ਸੀ। "ਖੁਸ਼ਹਾਲੀ" (יְשׁוּעָה, *ਯੀਸ਼ੁਆਹ)* ਸ਼ਬਦ ਦਾ ਅਨੁਵਾਦ "ਭਲਾਈ" (KJV), "ਸੁਰੱਖਿਆ" (NIV), ਜਾਂ "ਜਿੱਤ ਦੀ ਆਸ" (NEB) ਵੀ ਕੀਤਾ ਜਾ ਸਕਦਾ ਹੈ।

"ਦੁਖ ਦੇ ਦਿਨ ਮੈਨੂੰ ਫੜਦੇ ਹਨ" (30:16-23)

**16ਹੁਣ ਮੇਰੀ ਜਾਨ ਮੇਰੇ ਅੰਦਰ ਡੁੱਲ੍ਹਦੀ ਹੈ, ਦੁਖ ਦੇ ਦਿਨ ਮੈਨੂੰ ਫੜਦੇ ਹਨ। 17ਰਾਤ
ਮੇਰੀਆਂ ਹੱਡੀਆਂ ਨੂੰ ਮੇਰੇ ਅੰਦਰ ਚਿੱਥਦੀ ਹੈ, ਅਤੇ ਮੇਰੀ ਚੁੱਭਣ ਵਾਲੀ ਪੀੜ ਦਮ ਨਹੀਂ
ਲੈਂਦੀ। 18ਵੱਡੇ ਜ਼ੋਰ ਨਾਲ ਉਹ ਮੇਰਾ ਭੇਸ ਬਦਲਦੀ ਹੈ, ਮੇਰੇ ਕੁੜਤੇ ਦੇ ਗਲਮੇ ਵਾਂਙੁ ਉਹ
ਮੈਨੂੰ ਜਕੜਦੀ ਹੈ। 19ਉਹ ਨੇ ਮੈਨੂੰ ਚਿੱਕੜ ਵਿੱਚ ਸੁੱਟਿਆ ਹੈ, ਅਤੇ ਮੈਂ ਖ਼ਾਕ ਤੇ ਰਾਖ ਵਰਗਾ
ਹੋ ਗਿਆ ਹਾਂ। 20ਮੈਂ ਤੇਰੀ ਵੱਲ ਦੁਹਾਈ ਦਿੰਦਾ ਪਰ ਤੂੰ ਮੈਨੂੰ ਉੱਤਰ ਨਹੀਂ ਦਿੰਦਾ, ਮੈਂ ਖਲੋਂਦਾ
ਹਾਂ ਪਰ ਤੂੰ ਮੇਰੀ ਵੱਲ ਝਾਕਦਾ ਹੀ ਹੈਂ। 21ਤੂੰ ਮੇਰੇ ਨਾਲ ਸਖ਼ਤੀ ਕਰਨ ਲੱਗਾ ਹੈਂ, ਆਪਣੇ
ਹੱਥ ਦੇ ਬਲ ਨਾਲ ਤੂੰ ਮੈਨੂੰ ਸਤਾਉਂਦਾ ਹੈਂ। 22ਤੂੰ ਮੈਨੂੰ ਚੁੱਕ ਕੇ ਹਵਾ ਉੱਤੇ ਸਵਾਰ ਕਰਦਾ ਹੈਂ,
ਅਤੇ ਮੈਨੂੰ ਅਨ੍ਹੇਰੇ ਵਿੱਚ ਘੋਲ ਦਿੰਦਾ ਹੈਂ, 23ਕਿਉਂ ਜੋ ਮੈਂ ਜਾਣਦਾ ਹਾਂ ਕਿ ਤੂੰ ਮੈਨੂੰ ਮੌਤ ਤੀਕ
ਅੱਪੜਾਏਂਗਾ, ਅਤੇ ਉਸ ਵਾਸ ਤੀਕ ਜਿਹੜਾ ਸਾਰੇ ਜੀਉਂਦਿਆਂ ਲਈ ਹੈ।**

ਪੀੜ ਅਤੇ ਦੁੱਖ ਦੀ ਆਖ਼ਰੀ ਦੁਹਾਈ ਵਿਚ, ਅੱਯੂਬ ਆਪਣੀ ਬਿਮਾਰੀ ਅਤੇ ਪਰਿਵਾਰ ਵਿਚ ਹੋਏ ਨੁਕਸਾਨ ਨਾਲ ਇਸ ਤਰ੍ਹਾਂ ਲੜਿਆ ਜਿਵੇਂ ਕਿ ਕੋਈ ਵੱਡਾ ਰਾਖਸ਼ ਉਸ ਨੂੰ ਲਗਾਤਾਰ ਪਾੜ ਰਿਹਾ ਹੋਵੇ।[16]

ਆਇਤਾਂ 16, 17. ਹੁਣ ਮੇਰੀ ਜਾਨ ਮੇਰੇ ਅੰਦਰ ਡੁੱਲ੍ਹਦੀ ਹੈ ਸ਼ਾਇਦ ਅੱਯੂਬ ਦੀ ਜਾਨ ਦੇ "ਇਕ ਘੜੇ ਵਿੱਚੋਂ ਪਾਣੀ ਵਾਂਗ ਡੁੱਲ੍ਹਣ" ਦਾ ਹਵਾਲਾ ਦੇ ਸਕਦੀ ਹੈ।[17] ਜ਼ਬੂਰ ਲਿਖਣ ਵਾਲੇ ਨੇ ਕਿਹਾ, "ਮੈਂ ਪਾਣੀ ਵਾਂਙੁ ਡੋਹਲਿਆ ਗਿਆ ਹਾਂ, ਮੇਰੀਆਂ ਸਾਰੀਆਂ ਹੱਡੀਆਂ ਉੱਖੜ ਗਈਆਂ ਹਨ, ਮੇਰਾ ਦਿਲ ਮੋਮ ਵਰਗਾ ਹੈ, ਉਹ ਮੇਰੇ ਅੰਦਰ ਪੰਘਰ ਗਿਆ ਹੈ। ਮੇਰੀ ਸ਼ਕਤੀ ਠੀਕਰੇ ਵਾਂਙੁ ਸੁੱਕ ਗਈ, ਅਤੇ ਮੇਰੀ ਜੀਭ ਤਾਲੂ ਨਾਲ ਲੱਗਦੀ ਜਾਂਦੀ ਹੈ, ਅਤੇ ਤੂੰ ਮੈਨੂੰ ਮੌਤ ਦੀ ਧੂੜ ਵਿੱਚ ਧਰ ਛੱਡਿਆ" (ਜ਼ਬੂਰ 22:14, 15)। ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ਵਾਕ ਅੱਯੂਬ ਦੀ ਪਰਮੇਸ਼ੁਰ ਅੱਗੇ ਦਿਲੋਂ ਕੀਤੀ ਗਈ ਪ੍ਰਾਰਥਨਾ ਬਾਰੇ ਦੱਸਦਾ ਹੈ, ਹੰਨਾਹ ਦੀ ਤਰ੍ਹਾਂ ਜਿਸ ਨੇ "ਯਹੋਵਾਹ ਦੇ ਅੱਗੇ ਆਪਣੇ ਮਨ ਨੂੰ ਡੋਹਲ ਦਿੱਤਾ" (1 ਸਮੂਏਲ 1:15)। ਇਕ ਆਖ਼ਰੀ ਵਿਕਲਪ ਇਹ ਹੈ ਕਿ ਇਹ ਭਾਸ਼ਾ ਅੱਯੂਬ ਦੀ ਬਹੁਤ ਹੀ ਜ਼ਿਆਦਾ ਭਾਵਨਾਤਮਕ ਸਥਿਤੀ ਨਾਲ ਸੰਬੰਧ ਰੱਖਦੀ ਹੈ। ਜ਼ਬੂਰ ਲਿਖਣ ਵਾਲੇ ਨੇ ਕਿਹਾ, "ਮੇਰਾ ਭੋਜਨ ਦਿਨੇ ਰਾਤ ਮੇਰੇ ਅੰਝੂ ਹਨ, ਜਦੋਂ ਓਹ ਸਾਰਾ ਦਿਨ ਏਹ ਆਖਦੇ ਹਨ, ਤੇਰਾ ਪਰਮੇਸ਼ੁਰ ਹੈ ਕਿੱਥੇ? ਏਹ ਗੱਲਾਂ ਮੈਂ ਚੇਤੇ ਕਰਦਾ ਹਾਂ ਤਾਂ ਮੇਰਾ ਜੀ ਭਰ ਆਉਂਦਾ ਹੈ" (ਜ਼ਬੂਰ 42:3, 4)। ਬੇਸ਼ੱਕ, ਅੱਯੂਬ ਦੀ ਵਿਗੜਦੀ ਹਾਲਤ, ਪਰਮੇਸ਼ੁਰ ਅੱਗੇ ਉਸ ਦੀ ਦਿਲੋਂ ਕੀਤੀ ਗਈ ਪ੍ਰਾਰਥਨਾ ਅਤੇ ਉਸ ਦੀ ਭਾਵਨਾਤਮਕ ਸਥਿਤੀ ਇਕ ਦੂਜੇ ਜੁੜੀਆਂ ਹੋਈਆਂ ਹਨ।

ਦੁਖ ਦੇ ਦਿਨ ਮੈਨੂੰ ਫੜਦੇ ਹਨ। ਰਾਤ ਮੇਰੀਆਂ ਹੱਡੀਆਂ ਨੂੰ ਮੇਰੇ ਅੰਦਰ ਚਿੱਥਦੀ ਹੈ, ਅਤੇ ਮੇਰੀ ਚੁੱਭਣ ਵਾਲੀ ਪੀੜ ਦਮ ਨਹੀਂ ਲੈਂਦੀ। "ਦੁਖ ਦੇ ਦਿਨ" ਅਤੇ "ਰਾਤ" ਸ਼ਬਦ ਅੱਯੂਬ ਦੇ ਲਗਾਤਾਰ ਦੁੱਖ ਉੱਤੇ ਜ਼ੋਰ ਦਿੰਦੇ ਹਨ ਜਿਸ ਤੋਂ ਉਸ ਨੂੰ ਕੋਈ ਅਰਾਮ ਨਹੀਂ ਮਿਲਿਆ। ਉਸ ਨੂੰ ਉਸ ਦੀ "ਚੁੰਭਣ ਵਾਲੀ ਪੀੜ" ਤੋਂ ਕੋਈ "ਦਮ ਨਹੀਂ" ਮਿਲਿਆ ਸੀ। ਰੀਬਰਨ ਨੇ ਟਿੱਪਣੀ ਕੀਤੀ, "*ਦਮ ਨਹੀਂ ਲੈਂਦੀ* ਇਕ ਕਿਰਿਆ [שָׁכַב, *ਸ਼ਕਬ]* ਦਾ ਅਨੁਵਾਦ ਕਰਦੇ ਹਨ ਜਿਸ ਦਾ ਅਰਥ ਹੈ ਸੌਂਣ ਦੇ ਉਦੇਸ਼ ਨਾਲ 'ਲੇਟਣਾ'; ਅਰਥਾਤ, 'ਬਿਸਤਰ ਤੇ ਜਾਣਾ' ਜਾਂ 'ਸੌਂਣਾ।' ਇੱਥੇ ਇਹ ਸ਼ਬਦਾਵਲੀ ਲਾਖਣਿਕ ਤੌਰ ਤੇ ਵਰਤੀ ਗਈ ਹੈ।"[18]

ਸਿਰਫ ਉਹ ਲੋਕ ਜਿਨ੍ਹਾਂ ਨੇ ਭਿਆਣਕ ਦੁੱਖ ਝੱਲੇ ਹਨ ਉਸ ਦੁੱਖ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਨ ਜਿਸ ਵਿੱਚੋਂ ਅੱਯੂਬ ਗੁਜਰ ਰਿਹਾ ਸੀ। ਇਹ ਦਿਲਾਸਾ ਦੇਣ ਵਾਲੇ ਵਿਅਕਤੀਆਂ ਨੂੰ ਅਜਿਹੀ ਬੇਰਹਿਮ ਦਰਦ ਝੱਲ ਰਹੇ ਵਿਅਕਤੀਆਂ ਨੂੰ ਪਵਿੱਤਰ ਬਿਆਨ ਦੇਣ ਲਈ ਸੰਕੋਚ ਕਰਨ ਤੇ ਮਜ਼ਬੂਰ ਕਰ ਦੇਵੇਗਾ।

ਆਇਤ 18. ਵੱਡੇ ਜ਼ੋਰ ਨਾਲ ਉਹ ਮੇਰਾ ਭੇਸ ਬਦਲਦੀ ਹੈ, ਮੇਰੇ ਕੁੜਤੇ ਦੇ ਗਲਮੇ ਵਾਂਙੁ ਉਹ ਮੈਨੂੰ ਜਕੜਦੀ ਹੈ। ਇਸ ਆਇਤ ਦਾ ਸਹੀ ਅਨੁਵਾਦ ਅਤੇ ਵਿਆਖਿਆ ਵਿਵਾਦਪੂਰਨ ਹੈ। ਆਇਤ 19 ਦੇ ਆਧਾਰ ਤੇ, ਬਹੁਤ ਸਾਰੇ ਅਨੁਵਾਦ ਕਾਰਜਾਂ ਨੂੰ ਪਰਮੇਸ਼ੁਰ ਨਾਲ ਜੋੜਦੇ ਹਨ (ASV; TEV; NIV; NRSV; NJB; NCV; CEV; NLT)। ਅੱਯੂਬ ਸੰਭਵ ਤੌਰ ਤੇ ਉਸ ਦੇ ਸਰੀਰਕ ਦੁੱਖਾਂ ਦੇ ਕਾਰਨ ਜੋ ਉਸ ਨੇ ਝੱਲੇ ਸਨ ਆਪਣੇ ਬਦਲੇ ਹੋਏ ਰੂਪ ਦਾ ਹਵਾਲਾ ਦੇ ਰਿਹਾ ਸੀ। ਕਿਰਿਆ "ਭੇਸ ਬਦਲਦੀ" ਮੂਲ ਸ਼ਬਦ חָפַשׂ *(ਚਪਸ)* ਤੋਂ ਹੈ, ਜਿਸ ਦਾ ਗਹਿਰੇ ਰੂਪ ਵਿਚ ਅਰਥ "ਭੇਸ ਬਦਲਣਾ" ਹੈ (1 ਸਮੂਏਲ 28:8; 1 ਰਾਜਿਆਂ 20:38; 22:30; 2 ਇਤਹਾਸ 18:29; 35:22)। ਜਦੋਂ ਅੱਯੂਬ ਦੇ ਮਿੱਤਰ ਪਹਿਲਾਂ ਉਸ ਨੂੰ ਦਿਲਾਸਾ ਦੇਣ ਦੇ ਲਈ ਆਏ ਸਨ, ਉਨ੍ਹਾਂ ਨੇ "ਉਹ ਨੂੰ ਨਾ ਪਛਾਣਿਆ" (2:12)।

ਆਇਤ 19. ਇਹ ਆਇਤ ਉਸ ਬੇਇੱਜ਼ਤੀ ਨੂੰ ਵਿਅਕਤ ਕਰਦੀ ਹੈ ਜੋ ਅੱਯੂਬ ਨੇ ਮਹਿਸੂਸ ਕੀਤੀ। ਉਹ ਨਾ ਸਿਰਫ "ਸੁਆਹ ਦੇ ਵਿੱਚ ਬੈਠਾ" ਸੀ (2:8), ਉਸ ਨੇ ਆਪਣੇ ਆਪ ਨੂੰ **ਖ਼ਾਕ ਤੇ ਰਾਖ** ਵਰਗਾ ਵਿਅਰਥ ਮਹਿਸੂਸ ਕੀਤਾ। ਪੂਰੀ ਪੁਸਤਕ ਵਿਚ, "ਖ਼ਾਕ" ਨੂੰ ਮਨੁੱਖ ਦੀ ਮੌਤ ਅਤੇ ਦਫ਼ਨਾਉਣ ਨਾਲ ਜੋੜਿਆ ਗਿਆ ਹੈ (10:9; 17:16; 20:11; 21:26; 34:15)। ਐਲਡਨ ਨੇ ਦੱਸਿਆ ਕਿ "ਖ਼ਾਕ ਤੇ ਰਾਖ" ਦਾ ਸੁਮੇਲ ਵੀ 42:6 ਵਿਚ ਅੱਯੂਬ ਦੇ ਪਸ਼ਚਾਤਾਪ ਦੀ ਉਮੀਦ ਕਰਦਾ ਹੈ ਜਿੱਥੇ ਇਹ ਦੋਵੇਂ ਸ਼ਬਦ ਇਕ ਵਾਰ ਫੇਰ ਇਕੱਠੇ ਆਉਂਦੇ ਹਨ।[19]

ਆਇਤਾਂ 20-23. ਅੱਯੂਬ ਪੁਸਤਕ ਵਿਚ ਇੱਕੋ ਬੁਲਾਰਾ ਸੀ ਜਿਸ ਨੇ ਪਰਮੇਸ਼ੁਰ ਨੂੰ ਸਿੱਧਾ ਸੰਬੋਧਿਤ ਕੀਤਾ; ਉਸ ਨੇ ਇਨ੍ਹਾਂ ਆਇਤਾਂ ਵਿਚ ਅਜਿਹਾ ਕੀਤਾ। ਉਹ ਪਰਮੇਸ਼ੁਰ ਤੋਂ ਇਲਾਵਾ ਹੋਰ ਕਿਸੇ ਵੀ ਚੀਜ਼ ਜਾਂ ਕਿਸੇ ਵੀ ਵਿਅਕਤੀ ਬਾਰੇ ਨਹੀਂ ਸੋਚ ਸਕਿਆ ਜਿਹੜਾ ਉਸ ਦੇ ਦੁੱਖ ਦੇ ਪਿੱਛੇ ਹੋ ਸਕਦਾ ਸੀ। ਅੱਯੂਬ ਨੇ ਪਰਮੇਸ਼ੁਰ ਵਿਰੁੱਧ ਜੋ ਦੋਸ਼ ਲਗਾਏ ਉਹ ਗੰਭੀਰ ਸਨ:

1. ਅੱਯੂਬ ਨੇ ਪਰਮੇਸ਼ੁਰ ਉੱਤੇ ਮਦਦ ਲਈ ਉਸ ਦੀ ਹਤਾਸ਼ ਦੁਹਾਈ ਨੂੰ ਨਾ ਸੁਣਨ ਦਾ ਦੋਸ਼ ਲਾਇਆ (30:20; ਵੇਖੋ 19:7)। **ਖਲੋਂਦਾ** [ਖਲੋਣਾ] ਸੱਚੀ ਬੇਨਤੀ ਕਰਨ ਦੀ ਇਕ ਮੁੱਦਰਾ ਸੀ (30:28; ਯਿਰਮਿਯਾਹ 15:1)।
2. ਅੱਯੂਬ ਨੇ ਪਰਮੇਸ਼ੁਰ ਉੱਤੇ ਉਸ ਦੇ ਵਿਰੁੱਧ ਹੋਣ ਦਾ ਦੋਸ਼ ਲਾਇਆ ਸੀ (30:21)। ਪਿਛਲੇ ਦਿਨਾਂ ਵਿਚ ਪਰਮੇਸ਼ੁਰ ਅੱਯੂਬ ਨਾਲ ਦਿਆਲਗੀ ਨਾਲ ਪੇਸ਼ ਆਇਆ ਸੀ, ਪਰ ਹੁਣ ਉਸ ਨੇ ਉਸ ਨੂੰ ਇਕ ਜ਼ਾਲਮ ਦੀ ਤਰ੍ਹਾਂ ਸਤਾਇਆ ਜਿਸ ਨੂੰ ਉਸ ਦੇ ਵਿਰੁੱਧ ਕੋਈ ਦੁਸ਼ਮਣੀ ਹੋਵੇ (ਵੇਖੋ 16:9)।

3. ਅੱਯੂਬ ਨੇ ਪਰਮੇਸ਼ੁਰ ਉੱਤੇ ਉਸ ਨੂੰ ਇਕ ਦੁਸ਼ਟ ਦੀ ਤਰ੍ਹਾਂ ਸਜ਼ਾ ਦੇਣ ਦਾ ਦੋਸ਼ ਲਾਇਆ (30:22), ਜਿਹੜਾ "ਪੌਣ ਦੀ ਉਡਾਈ ਹੋਈ ਤੂੜੀ" ਵਾਂਙੁ ਅਤੇ "ਭੋ ਵਾਂਙੁ ਹਨ ਜਿਹ ਨੂੰ ਝੱਖੜ ਝੋਲਾ ਉਡਾ ਲੈ ਜਾਂਦਾ ਹੈ" (21:18)। ਹਾਰਟਲੀ ਨੇ ਸੁਝਾਅ ਦਿੱਤਾ ਕਿ ਅੱਯੂਬ "ਗੀਤਾਂ ਦੀ ਭਾਸ਼ਾ ਦੀ ਇਕ ਪੈਰੋਡੀ ਬਣਾ ਰਿਹਾ ਸੀ ਜਿਸ ਵਿਚ ਉਹ ਪਰਮੇਸ਼ੁਰ ਨੂੰ ਪੌਣ ਦਿਆਂ ਖੰਭਾਂ ਉੱਤੇ ਸਵਾਰ ਹੋਇਆ ਵਿਖਾਉਂਦਾ ਹੈ ਜਦੋਂ ਉਹ ਆਪਣੇ ਲੋਕਾਂ ਨੂੰ ਛੁਡਾਉਣ ਲਈ ਆਉਂਦਾ ਹੈ" (ਵੇਖੋ ਜ਼ਬੂਰ 18:10)।[20]
4. ਅੱਯੂਬ ਨੇ ਪਰਮੇਸ਼ੁਰ ਉੱਤੇ ਉਸ ਦੀ ਮੌਤ ਦਾ ਕਾਰਣ ਬਣਨ ਦਾ ਦੋਸ਼ ਲਾਇਆ (30:23)। **ਵਾਸ ਜਿਹੜਾ ਸਾਰੇ ਜੀਉਂਦਿਆਂ ਲਈ ਹੈ** ਸ਼ੀਓਲ (ਪਤਾਲ) ਦਾ ਹਵਾਲਾ ਹੈ (17:13), ਜੋ ਕਿ ਸਾਰੀ ਮਨੁੱਖਜਾਤੀ ਦੀ ਸਾਂਝੀ ਕਿਸਮਤ ਹੈ।

ਐਲਡਨ ਨੇ ਕਿਹਾ, "ਪ੍ਰਾਰਥਨਾ ਪੁਸਤਕ ਵਿਚ ਨਿਰਾਸ਼ਾਜਨਕ ਟਿੱਪਣੀ ਨਾਲ ਖਤਮ ਹੁੰਦੀ ਹੈ।"[21]

ਕਈਆਂ ਨੇ ਛੇਤੀ ਨਾਲ ਅੱਯੂਬ ਉੱਤੇ ਅਧਰਮੀ ਹੋਣ ਦਾ ਦੋਸ਼ ਲਾਇਆ ਸੀ, ਪਰ ਐਲਬਰਟ ਬਾਰਨਜ਼ ਨੇ ਟਿੱਪਣੀ ਕੀਤੀ, "ਉਸ ਸਾਰੀ ਪ੍ਰੇਰਣਾ ਜੋ ਇਸ ਦੇ ਲਈ ਜ਼ਿੰਮੇਵਾਰ ਹੈ, ਉਹ ਉਸ ਦੀਆਂ ਭਾਵਨਾਵਾਂ ਦਾ ਸਹੀ ਰਿਕਾਰਡ ਹੈ ਅਤੇ ਇਹ ਕਿ ਉਸ ਦੇ ਕੋਲ ਵਟਾਵੀਆਂ ਉਮੀਦਾਂ ਹੋਣੀਆਂ ਚਾਹੀਦੀਆਂ ਹਨ ਅਤੇ ਡਰ ਪੂਰੀ ਤਰ੍ਹਾਂ ਉਸ ਦੇ ਅਨੁਸਾਰ ਹੈ ਜਦੋਂ ਉਹ ਹੁੰਦਾ ਹੈ ਜਦੋਂ ਅਸੀਂ ਦੁੱਖ ਝੱਲਦੇ ਹਾਂ।"[22]

"ਮੈਂ ਬਿਨ੍ਹਾਂ ਦਿਲਾਸੇ ਦੇ ਸੋਗ ਕਰਦਾ ਹਾਂ" (30:24-31)

24ਭਲਾ, ਤਬਾਹੀ ਵਿੱਚ ਕੋਈ ਆਪਣਾ ਹੱਥ ਨਾ ਵਧਾਵੇਗਾ, ਅਤੇ ਆਪਣੀ ਬਿਪਤਾ ਵਿੱਚ ਦੁਹਾਈ ਨਾ ਦੇਵੇਗਾ? 25ਕੀ ਮੈਂ ਦੁਖੀਏ ਦੇ ਲਈ ਨਹੀਂ ਰੋਂਦਾ ਸਾਂ? ਕੀ ਮੇਰੀ ਜਾਨ ਕੰਗਾਲ ਦੇ ਲਈ ਉਦਾਸ ਨਹੀਂ ਹੁੰਦੀ ਸੀ? 26ਪਰ ਜਦ ਮੈਂ ਭਲਿਆਈ ਨੂੰ ਤੱਕਿਆ ਤਾਂ ਬੁਰਿਆਈ ਆਈ, ਜਦ ਚਾਨਣ ਨੂੰ ਉਡੀਕਿਆ ਤਾਂ ਅਨ੍ਹੇਰਾ ਛਾਇਆ, 27ਮੇਰੀਆਂ ਆਂਦਰਾਂ ਉੱਬਲ ਰਹੀਆਂ ਹਨ ਅਤੇ ਅਰਾਮ ਨਹੀਂ ਪਾਉਂਦੀਆਂ, ਬੁਰੇ ਦਿਨ ਮੇਰੇ ਉੱਤੇ ਆ ਪਏ ਹਨ। 28ਮੈਂ ਕਾਲਾ ਹੋ ਕੇ ਫਿਰਦਾ ਹਾਂ, ਇਹ ਬਿਨਾ ਧੁੱਪ ਦੇ ਹੋਇਆ, ਮੈਂ ਸਭਾ ਵਿੱਚ ਉੱਠ ਕੇ ਦੁਹਾਈ ਦਿੰਦਾ ਹਾਂ। 29ਮੈਂ ਗਿੱਦੜਾਂ ਦਾ ਭਰਾ, ਅਤੇ ਸ਼ੁਤਰ ਮੁਰਗ਼ ਦਾ ਸਾਥੀ ਹਾਂ, 30ਮੇਰੀ ਖੱਲ ਕਾਲੀ ਹੋ ਕੇ ਮੈਥੋਂ ਡਿੱਗਦੀ ਜਾਂਦੀ ਹੈ, ਅਤੇ ਮੇਰੀਆਂ ਹੱਡੀਆਂ ਤਾਪ ਨਾਲ ਜਲਦੀਆਂ ਹਨ। 31ਸੋ ਮੇਰੀ ਬਰਬਤ ਰੋਣ ਲਈ ਹੈ, ਅਤੇ ਮੇਰੀ ਬੰਸਰੀ ਮਾਤਮ ਕਰਨ ਵਾਲਿਆਂ ਦੀ ਅਵਾਜ਼ ਲਈ ਹੈ।

ਐਲਡਨ ਨੇ ਟਿੱਪਣੀ ਕੀਤੀ, "ਅੱਠ ਆਇਤਾਂ ਵਾਲਾ ਵਿਰਲਾਪ ਅੱਯੂਬ ਦੁਆਰਾ ਸ਼ਹਿਰ ਦੇ ਸਭ ਤੋਂ ਨੀਚ ਅਛੂਤਾਂ ਦੁਆਰਾ ਅਤੇ ਪਰਮੇਸ਼ੁਰ ਦੁਆਰਾ ਭੱਦੇ ਸਲੂਕ ਦੇ ਇਸ ਨਿਰਾਸ਼ਾਜਨਕ ਜਾਪ ਨੂੰ ਬੰਦ ਕਰਦਾ ਹੈ।"[23]

ਆਇਤ 24. ਭਲਾ, ਤਬਾਹੀ ਵਿੱਚ ਕੋਈ ਆਪਣਾ ਹੱਥ ਨਾ ਵਧਾਵੇਗਾ, ਅਤੇ ਆਪਣੀ ਬਿਪਤਾ ਵਿੱਚ ਦੁਹਾਈ ਨਾ ਦੇਵੇਗਾ? ਅੱਯੂਬ ਸ਼ਾਬਦਿਕ ਤੌਰ ਤੇ "ਤਬਾਹੀ ਵਿੱਚ," ਭਾਵ, ਸੁਆਹ ਵਿਚ ਖੜ੍ਹਾ ਸੀ (2:8)। ਪਰ, "ਤਬਾਹੀ" "ਬਿਪਤਾ" ਦੇ ਸਮਾਨ ਹੈ ਅਤੇ ਲਾਖਣਿਕ ਰੂਪ ਵਿਚ ਅੱਯੂਬ ਦੇ ਜੀਵਨ ਦਾ ਹਵਾਲਾ ਦਿੰਦੀ ਹੈ ਜੋ ਉਜੜ ਗਿਆ ਸੀ। ਉਸ ਨੇ "ਆਪਣਾ ਹੱਥ ਵਧਾਇਆ" ਅਤੇ "ਦੁਹਾਈ ਦਿੱਤੀ," ਪਰ ਇਸ ਸਮੇਂ ਤੱਕ ਕਿਸੇ ਨੇ ਉਸ ਦੀ ਮਦਦ ਨਹੀਂ ਸੀ ਕੀਤੀ - ਨਾ ਉਸ ਦੇ ਮਿੱਤਰਾਂ, ਨਾ ਭੀੜ ਨੇ, ਨਾ ਹੀ ਪਰਮੇਸ਼ੁਰ ਨੇ।

ਆਇਤ 25. ਅੱਯੂਬ ਉਨ੍ਹਾਂ ਦੇ ਲਈ **ਰੋਇਆ** ਜਿਹੜੇ "ਮੁਸੀਬਤ ਵਿਚ" ਸਨ (KJV; NIV; NLT) ਅਤੇ **ਕੰਗਾਲ ਦੇ ਲਈ ਉਦਾਸ ਹੋਇਆ।** ਉਸ ਨੇ ਦੂਜਿਆਂ ਉੱਤੇ ਤਰਸ ਖਾਧਾ (29:12-17), ਪਰ ਬਦਲੇ ਵਿਚ ਕਿਸੇ ਨੇ ਉਸ ਉੱਤੇ ਤਰਸ ਨਹੀਂ ਖਾਧਾ।

ਆਇਤ 26. ਅੱਯੂਬ ਨੂੰ ਉਸ ਦੀ ਉਮੀਦ ਦੇ ਉਲਟ ਪ੍ਰਾਪਤ ਹੋਇਆ ਸੀ: **ਭਲਿਆਈ** ਦੀ ਬਜਾਇ **ਬੁਰਿਆਈ**, **ਚਾਨਣ** ਦੀ ਬਜਾਇ **ਅਨ੍ਹੇਰਾ।** ਰਾਊਲੀ ਨੇ ਟਿੱਪਣੀ ਕੀਤੀ, "ਹਾਲਾਂਕਿ ਅੱਯੂਬ ਆਪਣੇ ਮਿੱਤਰਾਂ ਦੇ ਇਸ ਵਿਚਾਰ ਤੇ ਬਹਿਸ ਕਰਦਾ ਹੈ ਕਿ ਨੇਕੀ ਖੁਸ਼ੀ ਲਿਆਉਂਦੀ ਹੈ, ਪਰ ਉਹ ਉਨ੍ਹਾਂ ਨਾਲ ਇਸ ਵਿਚਾਰ ਨੂੰ ਸਾਂਝਾ ਕਰਦਾ ਹੈ ਕਿ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਉਸ ਦੀ ਖੁੱਲ੍ਹੇ ਦਿਲ ਵਾਲੀ ਹਮਦਰਦੀ ਨੇ ਉਸ ਨੂੰ ਭਰੋਸਾ ਦਿੱਤਾ ਕਿ ਉਸ ਦੀ ਖੁਸ਼ਹਾਲੀ ਜਾਰੀ ਰਹੇਗੀ। ਪਰ ਅਜਿਹਾ ਨਹੀਂ ਹੋਇਆ।"[24]

ਆਇਤ 27. ਅੰਦਰੂਨੀ ਹਲਚਲ ਨਾਲ ਅੱਯੂਬ ਦੀਆਂ **ਆਂਦਰਾਂ ਉੱਬਲ ਰਹੀਆਂ** ਸਨ। KJV ਬਾਈਬਲ ਇਬਰਾਨੀ ਲਿਖਤ ਦਾ ਸ਼ਾਬਦਿਕ ਅਨੁਵਾਦ ਪ੍ਰਦਾਨ ਕਰਦੀ ਹੈ: "ਮੇਰੀਆਂ ਆਂਤੜੀਆਂ ਉੱਬਲ ਗਈਆਂ।" "ਆਂਤੜੀਆਂ" ਅਕਸਰ ਲਾਖਣਿਕ ਤੌਰ ਤੇ ਮਨੁੱਖੀ ਭਾਵਨਾ ਦੀ ਥਾਂ ਵਜੋਂ ਵਰਤੀਆਂ ਜਾਂਦੀਆਂ ਹਨ। CEV ਬਾਈਬਲ ਵਿਚ ਲਿਖਿਆ ਹੈ "ਮੇਰਾ ਪੇਟ ਗੰਢਾਂ ਵਿਚ ਬੰਨ੍ਹਿਆ ਹੋਇਆ ਹੈ" ਅਤੇ NKJV ਬਾਈਬਲ ਕਹਿੰਦੀ ਹੈ, "ਮੇਰਾ ਦਿਲ ਪਰੇਸ਼ਾਨ ਹੈ।" ਅੱਯੂਬ ਦੀ ਅੰਦਰੂਨੀ ਜੱਦੋ-ਜਹਿਦ ਉਸ ਨੂੰ **ਅਰਾਮ** ਨਹੀਂ ਸੀ ਕਰਨ ਦਿੰਦੀ। ਇਸ ਤੋਂ ਇਲਾਵਾ, ਉਸ ਦੇ **ਬੁਰੇ ਦਿਨ** ਵਿਚ ਉਸ ਨੂੰ ਦਿਲਾਸਾ ਨਹੀਂ ਮਿਲਿਆ।

ਆਇਤ 28. ਮੈਂ ਕਾਲਾ ਹੋ ਕੇ ਫਿਰਦਾ ਹਾਂ, ਇਹ ਬਿਨਾ ਧੁੱਪ ਦੇ ਹੋਇਆ, ਮੈਂ ਸਭਾ ਵਿੱਚ ਉੱਠ ਕੇ ਦੁਹਾਈ ਦਿੰਦਾ ਹਾਂ। ਇਬਰਾਨੀ ਲਿਖਤ ਸ਼ਾਬਦਿਕ ਤੌਰ ਤੇ ਕਹਿੰਦੀ ਹੈ, "ਮੈਂ ਕਾਲਾ ਹੋ ਕੇ ਫਿਰਦਾ ਹਾਂ" (ਵੇਖੋ RSV; NCV; NIV)। ਕਿਰਿਆ "ਕਾਲਾ ਹੋ ਕੇ" (קָדַר, *ਕਦਰ)* "ਮਾਤਮ" ਦਾ ਪ੍ਰਤੀਕ ਹੋ ਸਕਦਾ ਹੈ (5:11)। ਸ਼ਾਇਦ ਇਹ ਸੰਗਠਨ ਇਸ ਲਈ ਹੋਇਆ ਕਿਉਂਕਿ ਮਾਤਮ ਕਰਨ ਵਾਲੇ ਅਕਸਰ ਤੱਪੜ ਪਹਿਨਦੇ ਸਨ ਅਤੇ ਇਸਨਾਨ ਨਹੀਂ ਕਰਦੇ ਸਨ।[25] ਉਸ ਦੀ ਉਦਾਸੀ ਅਤੇ ਦੁੱਖ ਵਿੱਚੋਂ, ਅੱਯੂਬ ਨੇ "ਮਦਦ ਲਈ" ਦੁਹਾਈ ਦਿੱਤੀ, ਪਰ ਉਸ ਦੀ ਦੁਹਾਈ ਵੱਲ ਕਿਸੇ ਨਾ ਧਿਆਨ ਨਹੀਂ ਦਿੱਤਾ। ਹਾਰਟਲੀ ਨੇ ਲਿਖਿਆ, "ਕਿਉਂਕਿ ਅੱਯੂਬ ਨੂੰ ਬਿਮਾਰੀ ਦੇ ਕਾਰਨ ਲੋਕਾਂ ਵਿਚ ਜਾਣ ਤੋਂ ਰੋਕਿਆ ਗਿਆ ਹੋਵੇਗਾ, ਦੂਜੀ ਪੰਗਤੀ ਦੀ ਭਾਸ਼ਾ ਸੁਆਹ ਦੇ ਵਿਚ ਜਨਤਕ ਤੌਰ ਤੇ ਵਿਰਲਾਪ ਕਰਨ ਦੇ ਉਸ ਦੇ ਸੰਕਲਪ ਦਾ ਵਰਣਨ ਕਰਨ ਲਈ ਪ੍ਰਤੀਕਾਤਮਕ ਹੈ।"[26]

ਆਇਤ 29. ਅੱਯੂਬ ਨੂੰ ਸਮਾਜ ਵਿੱਚੋਂ ਕੱਢ ਦਿੱਤਾ ਗਿਆ ਸੀ - **ਗਿੱਦੜਾਂ ਦਾ ਭਰਾ ਅਤੇ ਸ਼ੁਤਰ ਮੁਰਗ ਦਾ ਸਾਥੀ।** "ਗਿੱਦੜ" ਅਤੇ "ਸ਼ੁਤਰ ਮੁਰਗ" ਉਹ ਜੀਵ ਸਨ ਜੋ ਉਜਾੜ ਥਾਵਾਂ ਵਿਚ ਰਹਿੰਦੇ ਸਨ (ਯਸਾਯਾਹ 34:13; 43:20; ਯਿਰਮਿਯਾਹ 50:39; ਵਿਰਲਾਪ 4:3)। ਦੋਵੇਂ ਆਪਣੀਆਂ ਸੋਗ ਭਰੀਆਂ ਚੀਕਾਂ ਲਈ ਜਾਣੇ ਜਾਂਦੇ ਸਨ (ਮੀਕਾਹ 1:8)।

ਆਇਤ 30. ਮੇਰੀ ਖੱਲ ਕਾਲੀ ਹੋ ਕੇ ਮੈਥੋਂ ਡਿੱਗਦੀ ਜਾਂਦੀ ਹੈ, ਅਤੇ ਮੇਰੀਆਂ ਹੱਡੀਆਂ ਤਾਪ ਨਾਲ ਜਲਦੀਆਂ ਹਨ। ਐਲਡਨ ਨੇ ਟਿੱਪਣੀ ਕੀਤੀ,

> ਉਸ ਦੀ ਤੀਬਰ ਸਰੀਰਕ ਬੇਅਰਾਮੀ ਦੀ ਤਸਵੀਰ ਨੂੰ ਪੂਰਾ ਕਰਨ ਲਈ ਅੱਯੂਬ ਦੀ ਬਿਮਾਰੀ ਦੇ ਇਹ ਆਖ਼ਰੀ ਲੱਛਣ ਦੂਜਿਆਂ ਨਾਲ ਲਾਜ਼ਮੀ ਤੌਰ ਤੇ ਲਏ ਜਾਣੇ ਚਾਹੀਦੇ ਹਨ। ਉਸ ਦੇ ਪੂਰੇ ਸਰੀਰ ਉੱਤੇ ਖਾਰਸ਼ ਫੋੜਿਆਂ ਵਾਲੇ ਜ਼ਖਮ (7:5), ਕੁਪੋਸ਼ਣ (17:7; 19:20), ਡਰਾਉਣਾ ਰੂਪ (19:19), ਘਿਣਾਉਣਾ ਸਾਹ ਜਾਂ ਮੂੰਹ ਵਿਚ ਦੁਰਗੰਧ (19:17) ਅਤੇ ਦਿਨ ਰਾਤ ਪੀੜ (30:17) ਸੀ।[27]

ਆਇਤ 31. ਸੋ ਮੇਰੀ ਬਰਬਤ ਰੋਣ ਲਈ ਹੈ, ਅਤੇ ਮੇਰੀ ਬੰਸਰੀ ਮਾਤਮ ਕਰਨ ਵਾਲਿਆਂ ਦੀ ਅਵਾਜ਼ ਲਈ ਹੈ। "ਬਰਬਤ" ਅਤੇ "ਬੰਸਰੀ" ਅਕਸਰ ਖੁਸ਼ੀ ਦੇ ਮੌਕਿਆਂ ਨਾਲ ਜੁੜੇ ਹੁੰਦੇ ਸਨ (21:12; 1 ਰਾਜਿਆਂ 1:40; ਜ਼ਬੂਰ 33:2; 57:8; 81:2; ਯਸਾਯਾਹ 30:29), ਇੱਥੇ ਇਹ ਸਾਜ਼ "ਸੋਗ" ਅਤੇ "ਰੋਣ" ਨਾਲ ਪਾਏ ਜਾਂਦੇ ਹਨ। ਇਹ ਉਸ ਦੇ ਦੁੱਖ ਬਾਰੇ ਅੱਯੂਬ ਦੇ ਆਖ਼ਰੀ ਸ਼ਬਦ ਹਨ। ਉਸ ਦਾ ਦੁੱਖ "ਪਿਆਰੇ ਭਰੇ ਸ਼ਬਦ ਜਾਂ ਦੋਸਤਾਨਾ ਸਪਰਸ਼ ਨਾਲ ਘੱਟ ਨਹੀਂ ਸੀ ਹੋਇਆ।"[28]

ਪ੍ਰਾਸੰਗਿਕਤਾ

"ਪ੍ਰਭੂ, ਮੈਂ ਹੀ ਕਿਉਂ?" (ਅਧਿਆਇ 30)

ਅਸੀਂ ਸਾਰਿਆਂ ਨੇ ਇਹ ਪ੍ਰਸ਼ਨ ਪੁੱਛਿਆ ਹੈ, "ਪ੍ਰਭੂ, ਮੈਂ ਹੀ ਕਿਉਂ?" ਸ਼ਾਇਦ ਕਿਸੇ ਹੋਰ ਵਿਅਕਤੀ ਨੇ ਸਾਨੂੰ ਕੁਝ ਅਜਿਹਾ ਕਿਹਾ ਹਾਂ ਸਾਡੇ ਨਾਲ ਕੁਝ ਅਜਿਹਾ ਕੀਤਾ ਜੋ ਵਿਨਾਸ਼ਕਾਰੀ ਸੀ। ਹੋ ਸਕਦਾ ਹੈ ਕਿ ਸਾਨੂੰ ਕਿਸੇ ਪੁਰਸਕਾਰ ਲਈ ਜਾਂ ਤਰੱਕੀ ਲਈ ਨਜ਼ਰਅੰਦਾਜ਼ ਕੀਤਾ ਗਿਆ ਹੋਵੇ ਜਿਸ ਬਾਰੇ ਅਸੀਂ ਸੋਚਿਆ ਸੀ ਕਿ ਅਸੀਂ ਇਸ ਦੇ ਲਾਇਕ ਹਾਂ - ਖਾਸਕਰ ਤਦ ਜਦੋਂ ਅਸੀਂ ਇਸ ਨੂੰ ਪ੍ਰਾਪਤ ਕਰਨ ਲਈ ਲੰਮੇ ਸਮੇਂ ਲਈ ਸਖ਼ਤ ਮਿਹਨਤ ਕੀਤੀ ਹੋਵੇ। ਸਾਡੇ ਵਿੱਚੋਂ ਕੁਝ ਲੋਕ ਚੋਰੀ ਦਾ ਸ਼ਿਕਾਰ ਹੋਏ ਹਨ, ਜਾਂ ਸਾਡੀ ਜਾਇਦਾਦ ਨੂੰ ਕੁਦਰਤੀ ਆਫ਼ਤ ਨਾਲ ਨੁਕਸਾਨ ਪਹੁੰਚਿਆ ਹੈ। ਸ਼ਾਇਦ ਸਾਡੇ ਵਿੱਚੋਂ ਕਿਸੇ ਨੂੰ ਭਿਆਨਕ ਬਿਮਾਰੀ ਦਾ ਪਤਾ ਲੱਗਿਆ ਹੈ ਜਾਂ ਕਾਰ ਦੀ ਚਪੇਟ ਵਿਚ ਆਏ ਜਿਸ ਨੇ ਸਾਨੂੰ ਗੰਭੀਰਤਾ ਨਾਲ ਪ੍ਰਭਾਵਿਤ ਕੀਤਾ। ਜਦੋਂ ਅਸੀਂ ਅਜਿਹੀਆਂ ਅਜ਼ਮਾਇਸ਼ਾਂ ਦਾ ਸਾਹਮਣਾ ਕਰਦੇ ਹਾਂ, ਅਸੀਂ ਅਕਸਰ ਪੁੱਛਦੇ ਹਾਂ, "ਪ੍ਰਭੂ, ਮੈਂ ਹੀ ਕਿਉਂ?"

ਅਧਿਆਇ 30 ਵਿਚ, ਅੱਯੂਬ ਨੇ ਸੰਖੇਪ ਵਿਚ ਇਹ ਪ੍ਰਸ਼ਨ ਪੁੱਛਿਆ, "ਪ੍ਰਭੂ, ਮੈਂ ਹੀ ਕਿਉਂ?" ਇਹ ਅਧਿਆਇ ਇਕ ਦੁਖਦਾਈ ਵਿਰਲਾਪ ਹੈ ਜੋ ਸਾਨੂੰ ਅੱਯੂਬ ਦੇ ਬੇਅੰਤ ਦੁੱਖਾਂ ਬਾਰੇ ਸਮਝ ਦਿੰਦਾ ਹੈ। ਜਦੋਂ ਅਸੀਂ ਇਸ ਦੁੱਖ ਨੂੰ ਵੇਖਦੇ ਹਾਂ, ਤਿੰਨ ਪ੍ਰਸ਼ਨ ਉਠਾਏ ਜਾਣੇ ਚਾਹੀਦੇ ਹਨ ਜੋ ਮਸੀਹੀ ਲੋਕਾਂ ਲਈ ਢੁੱਕਵੇਂ ਹਨ।

ਅਨਿਆਂ ਕਿਉਂ ਹੈ? (30:1-10)। ਹਾਲਾਂਕਿ ਅੱਯੂਬ ਦੱਬੇ ਕੁਚਲੇ ਲੋਕਾਂ ਨਾਲ ਬੜੀ ਹਮਦਰਦੀ ਨਾਲ ਪੇਸ਼ ਆਇਆ ਸੀ (ਅਧਿਆਇ 29), ਉਸ ਨੇ ਆਪਣੇ ਦੁੱਖ ਦੇ ਸਮੇਂ ਦੌਰਾਨ ਬਹੁਤ ਘੱਟ ਦਿਲਾਸੇ ਜਾਂ ਹਮਦਰਦੀ ਦਾ ਅਨੁਭਵ ਕੀਤਾ ਸੀ। ਇਸ ਦੀ ਬਜਾਇ, ਅੱਯੂਬ ਦਾ ਮਾਮੂਲੀ ਜਿਹੇ ਆਦਮੀਆਂ ਨੇ ਮਜ਼ਾਕ ਉਡਾਇਆ ਸੀ "ਜਿਨ੍ਹਾਂ ਦੇ ਪਿਉ ਦਾਦਿਆਂ ਨੂੰ [ਉਸ ਨੇ] ਰੱਦ ਕੀਤਾ ਭਈ ਓਹ [ਉਸ ਦੇ] ਇੱਜੜ ਦੇ ਕੁੱਤਿਆਂ ਨਾਲ ਨਾ ਬੈਠਣ" (30:1)। ਇਨ੍ਹਾਂ ਸਮਾਜ ਵਿੱਚੋਂ ਕੱਢੇ ਹੋਇਆਂ ਨੇ ਉਸ ਦੇ ਦੁੱਖਾਂ ਨਾਲ ਖਿਲਵਾੜ ਕੀਤਾ, ਉਸ ਦੇ ਬਾਰੇ ਵਿਅੰਗਾਤਮਕ ਗੀਤ ਬਣਾਏ ਅਤੇ ਉਸ ਦੇ ਚਿਹਰੇ ਤੇ ਥੁੱਕਿਆ (30:9, 10)। ਅੱਯੂਬ ਸਮਝ ਨਹੀਂ ਸਕਿਆ ਕਿ ਪਰਮੇਸ਼ੁਰ ਨੇ ਉਸ ਦੇ ਨਾਲ ਇਹ ਸਭ ਕਿਉਂ ਹੋਣ ਦਿੱਤਾ ਸੀ।

ਅਸੀਂ ਅਕਸਰ ਜ਼ਿੰਦਗੀ ਦੇ ਅਨਿਆਵਾਂ ਤੋਂ ਪਰੇਸ਼ਾਨ ਹੁੰਦੇ ਹਾਂ। ਸਾਡੇ ਬੱਚੇ ਕਈ ਵਾਰ ਸ਼ਿਕਾਇਤ ਕਰਦੇ ਹਨ, "ਪਰ ਇਹ ਸਹੀ ਨਹੀਂ ਹੈ," ਜਿਸ ਦਾ ਅਸੀਂ ਇਹ ਜਵਾਬ ਦੇ ਸਕਦੇ ਹਾਂ, "ਜ਼ਿੰਦਗੀ ਉਚਿਤ ਨਹੀਂ ਹੈ।" ਇੱਥੇ ਅਨਿਆਂ ਹੈ ਕਿਉਂਕਿ ਅਸੀਂ ਪਾਪ ਅਤੇ ਇਸ ਦੇ ਨਤੀਜਿਆਂ ਦੁਆਰੇ ਭਰੇ ਹੋਏ ਪਤਿਤ ਸੰਸਾਰ ਵਿਚ ਰਹਿੰਦੇ ਹਾਂ। ਲੋਕ ਹਮੇਸ਼ਾ ਸਾਡੇ ਦਿਆਲੂ ਕੰਮਾਂ ਦੀ ਪ੍ਰਸ਼ੰਸਾ ਨਹੀਂ ਕਰਦੇ, ਨਾ ਹੀ ਉਹ ਹਮੇਸ਼ਾ ਅਹਿਸਾਨਮੰਦ ਹੁੰਦੇ ਹਨ। ਅਸੀਂ ਬਾਰ-ਬਾਰ ਸਹੀ ਕੰਮ ਕਰਦੇ ਹਾਂ ਅਤੇ ਦੁਸ਼ਟ ਲੋਕ ਸਿਰਫ ਸਾਡਾ ਮਜ਼ਾਕ ਉਡਾਉਂਦੇ ਹਨ। ਫਿਰ ਵੀ,

ਇਕ ਨਿਆਂ ਦਾ ਦਿਨ ਆਵੇਗਾ ਜਦੋਂ ਪਰਮੇਸ਼ੁਰ ਸਭ ਕੁਝ ਸਿੱਧਾ ਕਰ ਦੇਵੇਗਾ। ਪੌਲੁਸ ਨੇ ਲਿਖਿਆ, "ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ" (2 ਕੁਰਿੰਥੀਆਂ 5:10)। ਪੌਲੁਸ ਨੇ ਸਤਾਏ ਗਏ ਵਿਸ਼ਵਾਸੀਆਂ ਨੂੰ ਵੀ ਮੁੜ ਭਰੋਸਾ ਦਿੱਤਾ: "ਕਿਉਂ ਜੋ ਪਰਮੇਸ਼ੁਰ ਦੇ ਭਾਣੇ ਇਹ ਨਿਆਉਂ ਦੀ ਗੱਲ ਹੈ ਭਈ ਜਿਹੜੇ ਤੁਹਾਨੂੰ ਦੁਖ ਦਿੰਦੇ ਹਨ ਓਹਨਾਂ ਨੂੰ ਦੁਖ ਦੇਵੇ ਅਤੇ ਤੁਹਾਨੂੰ ਜਿਹੜੇ ਦੁਖ ਪਾਉਂਦੇ ਹੋ ਸਾਡੇ ਨਾਲ ਸੁਖ ਦੇਵੇ ਉਸ ਸਮੇਂ ਜਾਂ ਪ੍ਰਭੂ ਯਿਸੂ ਆਪਣੇ ਬਲਵੰਤ ਦੂਤਾਂ ਸਣੇ ਭੜਕਦੀ ਅੱਗ ਵਿੱਚ ਅਕਾਸ਼ੋਂ ਪਰਗਟ ਹੋਵੇਗਾ" (2 ਥੱਸਲੁਨੀਕੀਆਂ 1:6, 7)।

ਕੀ ਪਰਮੇਸ਼ੁਰ ਸਾਡੇ ਵਿਰੁੱਧ ਹੈ? (30:11-23)। ਅੱਯੂਬ ਨੇ ਕਲਪਨਾ ਕੀਤੀ ਕਿ ਪਰਮੇਸ਼ੁਰ ਨੇ ਉਸ ਦੇ ਵਿਰੁੱਧ ਆਪਣਾ ਕਮਾਨ ਖੋਲ੍ਹਿਆ ਅਤੇ ਉਸ ਨੂੰ ਆਪਣਾ ਨਿਸ਼ਾਨਾ ਬਣਾਇਆ (30:11)। ਅੱਯੂਬ ਨੂੰ ਵੀ ਇਕ ਓਪਰੀ ਫੌਜ ਦੇ ਹਮਲੇ ਅਧੀਨ ਇਕ ਸ਼ਹਿਰ ਵਰਗਾ ਮਹਿਸੂਸ ਹੋਇਆ (30:12-14)। ਉਹ ਸਮਝ ਨਹੀਂ ਪਾ ਰਿਹਾ ਸੀ ਕਿ ਉਸ ਦਾ ਸਰੀਰ ਕਿਉਂ ਕਮਜ਼ੋਰ ਹੋ ਰਿਹਾ ਸੀ ਜਦੋਂ ਉਹ ਤੇਜ਼ ਦਰਦ ਨਾਲ ਜੂਝ ਰਿਹਾ ਸੀ, ਇੱਥੋਂ ਤੱਕ ਕਿ ਮੌਤ ਦੇ ਕਿਨਾਰੇ ਤੀਕ (30:16-19)। ਅੱਯੂਬ ਨੇ ਵਿਰਲਾਪ ਕੀਤਾ ਕਿ ਪਰਮੇਸ਼ੁਰ ਉਸ ਦੀਆਂ ਲਾਚਾਰ ਬੇਨਤੀਆਂ ਦਾ ਉੱਤਰ ਨਹੀਂ ਦੇਵੇਗਾ: "ਮੈਂ ਤੇਰੀ ਵੱਲ ਦੁਹਾਈ ਦਿੰਦਾ ਪਰ ਤੂੰ ਮੈਨੂੰ ਉੱਤਰ ਨਹੀਂ ਦਿੰਦਾ, ਮੈਂ ਖਲੋਂਦਾ ਹਾਂ ਪਰ ਤੂੰ ਮੇਰੀ ਵੱਲ ਝਾਕਦਾ ਹੀ ਹੈਂ" (30:20)। ਅੱਯੂਬ ਨੂੰ ਲੱਗਦਾ ਸੀ ਕਿ ਪਰਮੇਸ਼ੁਰ ਉਸ ਨਾਲ ਇਕ ਦੁਸ਼ਟ ਆਦਮੀ ਵਰਗਾ ਸਲੂਕ ਕਰ ਰਿਹਾ ਸੀ। ਉਸ ਨੇ ਦੋਸ਼ ਲਾਇਆ, "ਤੂੰ ਮੇਰੇ ਨਾਲ ਸਖ਼ਤੀ ਕਰਨ ਲੱਗਾ ਹੈਂ, ਆਪਣੇ ਹੱਥ ਦੇ ਬਲ ਨਾਲ ਤੂੰ ਮੈਨੂੰ ਸਤਾਉਂਦਾ ਹੈਂ" (30:21)।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡੇ ਵਿਰੁੱਧ ਨਹੀਂ ਹੈ। ਸਾਡੀ ਮਨੁੱਖੀ ਪ੍ਰਵਿਰਤੀ ਸਾਡੇ ਦੁੱਖਾਂ ਲਈ ਪਰਮੇਸ਼ੁਰ ਨੂੰ ਦੋਸ਼ੀ ਠਹਿਰਾਉਣ ਦੀ ਹੈ। ਇਸ ਦੀ ਬਜਾਇ, ਇਹ ਸ਼ਤਾਨ ਨੂੰ ਜੋ ਸਾਨੂੰ ਨਾਸ ਕਰਨਾ ਚਾਹੁੰਦਾ ਹੈ - ਜਿਵੇਂ ਕਿ ਉਹ ਅੱਯੂਬ ਅਤੇ ਪਰਮੇਸ਼ੁਰ ਨਾਲ ਉਸ ਦੇ ਰਿਸ਼ਤੇ ਨੂੰ ਵਿਗਾੜਨਾ ਚਾਹੁੰਦਾ ਸੀ। ਯਿਸੂ ਨੇ ਵੀ ਇਹੀ ਤੁਲਨਾ ਕੀਤੀ ਸੀ: "ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ" (ਯੂਹੰਨਾ 10:10)। ਸ਼ਤਾਨ ਸਾਨੂੰ ਬਰਬਾਦ ਕਰਨਾ ਚਾਹੁੰਦਾ ਹੈ; ਪਰ, ਪਰਮੇਸ਼ੁਰ ਸਾਨੂੰ ਆਪਣੇ ਪੁੱਤਰ ਦੁਆਰਾ ਚੋਖਾ ਜੀਵਨ ਦੇਣਾ ਚਾਹੁੰਦਾ ਹੈ। ਪੌਲੁਸ ਨੇ ਕਿਹਾ, "ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?" (ਰੋਮੀਆਂ 8:31)। ਜਦੋਂ ਅਸੀਂ ਪਰਮੇਸ਼ੁਰ ਦੇ ਸਾਡੇ ਲਈ ਪਿਆਰ ਬਾਰੇ ਪ੍ਰਸ਼ਨ ਕਰਦੇ ਹਾਂ, ਸਾਨੂੰ ਬਸ ਮੁੜ ਕੇ ਸਲੀਬ ਵੱਲ ਵੇਖਣ ਅਤੇ ਯਿਸੂ ਮਸੀਹ ਦੀ ਦਾਤ ਤੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ।

ਕੀ ਅਸੀਂ ਸੱਚਮੁੱਚ ਇਕੱਲੇ ਹਾਂ? (30:24-31)। ਅੱਯੂਬ ਦੀ ਹਾਲਤ ਨੇ ਨਾ ਸਿਰਫ ਉਸ ਦੀ ਸਰੀਰਕ ਤੰਦਰੁਸਤੀ, ਬਲਕਿ ਉਸ ਦੀ ਮਾਨਸਿਕ ਸਿਹਤ ਤੇ ਵੀ ਮਾੜਾ ਪ੍ਰਭਾਵ ਪਾਇਆ। ਉਹ ਸਮਝ ਨਹੀਂ ਪਾ ਰਿਹਾ ਸੀ ਕਿ ਉਸ ਦੀ ਹਮਦਰਦੀ ਵਾਪਸ ਕਿਉਂ ਨਹੀਂ ਕੀਤੀ ਗਈ (30:25)। "ਭਲਿਆਈ" ਅਤੇ "ਚਾਨਣ" ਲਈ ਉਸ ਦੀਆਂ ਆਸਾਂ "ਅਨ੍ਹੇਰੇ" ਅਤੇ "ਬੁਰਿਆਈ" ਨਾਲ ਚਕਨਾਚੂਰ ਹੋ ਗਈਆਂ ਸਨ (30:26)। ਉਸ ਦੀ ਅੰਦਰੂਨੀ ਉਥਲ-ਪੁਥਲ ਉਸ ਨੂੰ ਚੈਨ ਜਾਂ ਅਰਾਮ ਨਹੀਂ ਕਰਨ ਦੇਵੇਗੀ (30:27)। ਉਸ ਨੇ ਆਪਣੇ ਆਪ ਨੂੰ ਲਾਚਾਰ ਅਤੇ ਇਕੱਲਾ ਮਹਿਸੂਸ ਕੀਤਾ (30:28, 29)। ਪਰ, ਭਾਵੇਂ ਉਸ ਦੀ ਜ਼ਿੰਦਗੀ ਉਲਟੀ ਹੋ ਗਈ ਸੀ, ਪਰਮੇਸ਼ੁਰ

ਅਜੇ ਵੀ ਉਸ ਦੇ ਨਾਲ ਸੀ।

ਅਸੀਂ ਕਈ ਵਾਰ ਇਕੱਲਾ ਮਹਿਸੂਸ ਕਰਦੇ ਹਾਂ, ਪਰ ਪਰਮੇਸ਼ੁਰ ਅਜੇ ਵੀ ਸਾਡੇ ਨਾਲ ਹੈ। ਉਸ ਨੇ ਵਾਅਦਾ ਕੀਤਾ ਹੈ, "ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ" (ਇਬਰਾਨੀਆਂ 13:5)। ਯਿਸੂ ਨੇ ਕਿਹਾ, "ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:20)। ਵਚਨ ਇਹ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਵਿਸ਼ਵਾਸੀਆਂ ਦੇ ਵਿਚ ਰਹਿੰਦਾ ਹੈ; ਉਹ ਸਾਡੇ ਨਾਲ ਵੀ ਹੈ (1 ਕੁਰਿੰਥੀਆਂ 6:19)। ਕਈ ਵਾਰ ਸਾਡੇ ਅੰਦਰ "ਏਲੀਯਾਹ ਵਾਲਾ ਲੱਛਣ" ਆ ਜਾਂਦਾ ਹੈ ਅਤੇ ਸਾਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕਿ ਸਿਰਫ ਅਸੀਂ ਸਹੀ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਾਂ ਸਿਰਫ ਅਸੀਂ ਇਸ ਵਿਸ਼ੇਸ਼ ਤਰੀਕੇ ਨਾਲ ਦੁੱਖ ਝੱਲ ਰਹੇ ਹਾਂ। ਏਲੀਯਾਹ ਨਬੀ ਨੇ ਸੋਚਿਆ ਕਿ ਇਸਰਾਏਲ ਵਿਚ ਬਗਾਵਤ ਕਰਨ ਵਾਲੇ ਨੇ ਯਹੋਵਾਹ ਦੇ ਬਾਕੀ ਸਾਰੇ ਵਫ਼ਾਦਾਰ ਨਬੀਆਂ ਨੂੰ ਮਾਰ ਦਿੱਤਾ ਸੀ। ਉਸ ਨੇ ਦੋ ਵਾਰ ਪਰਮੇਸ਼ੁਰ ਨੂੰ ਕਿਹਾ, "ਮੈਂ ਹੀ ਇਕੱਲਾ ਬਾਕੀ ਰਹਿ ਗਿਆ ਹਾਂ" (1 ਰਾਜਿਆਂ 19:10, 14)। ਨਿਸ਼ਚਤ ਤੌਰ ਤੇ ਏਲੀਯਾਹ ਇਹ ਜਾਣ ਕੇ ਹੈਰਾਨ ਹੋਇਆ ਕਿ ਉੱਥੇ ਸੱਤ ਹਜ਼ਾਰ ਸਨ ਜਿਨ੍ਹਾਂ ਨੇ ਬਆਲ ਅੱਗੇ ਮੱਥਾ ਨਹੀਂ ਟੇਕਿਆ ਸੀ (1 ਰਾਜਿਆਂ 19:18)। ਕਈ ਵਾਰ ਅਸੀਂ ਇਹ ਜਾਣ ਕੇ ਹੈਰਾਨ ਹੁੰਦੇ ਹਾਂ ਕਿ ਦੂਸਰੇ ਲੋਕ ਵੀ ਸਾਡੇ ਵਰਗੀਆਂ ਅਜ਼ਮਾਇਸ਼ਾਂ ਅਤੇ ਪਰਤਾਵਿਆਂ ਦਾ ਸਾਹਮਣਾ ਕਰ ਰਹੇ ਹਨ। ਪੌਲੁਸ ਨੇ ਲਿਖਿਆ, "ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ" (1 ਕੁਰਿੰਥੀਆਂ 10:13)। ਪਤਰਸ ਨੇ ਟਿੱਪਣੀ ਕੀਤੀ ਕਿ "ਤੁਹਾਡੇ ਗੁਰਭਾਈ ਜਿਹੜੇ ਜਗਤ ਵਿੱਚ ਹਨ ਓਹਨਾਂ ਨੂੰ ਵੀ ਏਹੋ ਦੁਖ ਸਹਿਣੇ ਪੈਂਦੇ ਹਨ" (1 ਪਤਰਸ 5:9)।

ਸਿੱਟਾ। ਸਾਨੂੰ ਕਦੇ ਜਵਾਬ ਨਹੀਂ ਮਿਲ ਸਕਦਾ ਜਦੋਂ ਅਸੀਂ ਇਹ ਪੁੱਛਦੇ ਹਾਂ, "ਪ੍ਰਭੂ, ਮੈਂ ਹੀ ਕਿਉਂ?" ਪਰ, ਸਾਨੂੰ ਬੇਇਨਸਾਫੀ ਵਾਲੀ ਦੁਨੀਆ ਵਿਚ ਨਿਰਪੱਖਤਾ ਨਾਲ ਕੰਮ ਕਰਦੇ ਰਹਿਣ ਲਈ ਸੱਦਿਆ ਗਿਆ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡੇ ਵਿਰੁੱਧ ਨਹੀਂ ਹੈ; ਬਲਕਿ, ਸ਼ਤਾਨ ਸਾਨੂੰ ਨਾਸ ਕਰਨ ਲਈ ਭਾਲਦਾ ਫਿਰਦਾ ਹੈ (1 ਪਤਰਸ 5:8)। ਅਸਲ ਵਿਚ, ਪਰਮੇਸ਼ੁਰ ਸਾਡੇ ਨਾਲ ਹੈ। ਸਾਨੂੰ ਆਪਣੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਲਈ ਉਸ ਦੇ ਬਲ ਅਤੇ ਸ਼ਤਾਨ ਤੋਂ ਉਸ ਦੀ ਸੁਰੱਖਿਆ ਦੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ (ਮੱਤੀ 6:13)। ਸਾਨੂੰ ਮਸੀਹ ਵਿਚ ਆਪਣੇ ਭਰਾਵਾਂ ਅਤੇ ਭੈਣਾਂ ਤੋਂ ਬਲ ਅਤੇ ਸਹਾਇਤਾ ਪ੍ਰਾਪਤ ਕਰਨੀ ਚਾਹੀਦੀ ਹੈ (ਗਲਾਤੀਆਂ 6:2)।

ਡੀ. ਸਟੀਵਰਟ

ਟਿੱਪਣੀਆਂ

[1]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 241. [2]ਨੋਰਮਨ ਸੀ. ਹਾਬੇਲ, *ਦ ਬੁਕ ਆਫ਼ ਅੱਯੂਬ*, ਦ ਕੈਮਬਰਿਜ ਬਾਈਬਲ ਕਮੈਂਟਰੀ (ਕੈਮਬਰਿਜ: ਕੈਮਬਰਿਜ ਯੂਨੀਵਰਸਿਟੀ ਪ੍ਰੈਸ, 1975), 156. [3]ਰੌਬਰਟ ਐੱਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 287. [4]ਰਾਉਲੀ, 241. [5]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 235. [6]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 2:1041. [7]ਉਸੇ ਸਥਾਨ ਤੇ, 2:1315-16. [8]ਉਸੇ ਸਥਾਨ ਤੇ, 1:194. [9]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 398.

[10]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 541.

[11]ਹਾਰਟਲੀ, 398. [12]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 257. [13]ਕੋਹਲਰ ਅਤੇ ਬਾਉਮਗਾਰਟਨਰ, 1:668. [14]ਐਲਡਨ, 290. [15]ਹਾਰਟਲੀ, 400. [16]ਐਂਡਰਸਨ, 236. [17]ਹਾਰਟਲੀ, 402. [18]ਰੀਬਰਨ, 549. [19]ਐਲਡਨ, 293. [20]ਹਾਰਟਲੀ, 403.

[21]ਐਲਡਨ, 294. [22]ਐਲਬਰਟ ਬਾਰਨਜ *ਅੱਯੂਬ*, ਨੋਟਸ ਆਨ ਦਿ ਓਲਡ ਟੈਸਟਾਮੈਂਟ, ਸੰਪਾ. ਰੌਬਰਟ ਫਰਿਊ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1950), 2:95. [23]ਐਲਡਨ, 295. [24]ਰਾਉਲੀ, 250-51. [25]ਕੋਹਲਰ ਅਤੇ ਬਾਉਮਗਾਰਟਨਰ, 2:1072. [26]ਹਾਰਟਲੀ, 406. [27]ਐਲਡਨ, 297. [28]ਐਂਡਰਸਨ, 238.